Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 21* Issue 45 | Monday, March 07, 2022 | Tel: 905-793-2202 | Fax: 905-793-2282 | news@punjabipost.ca *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

## ਯੂਕਰੇਨ ਬਾਰੇ ਚਰਚਾ ਲਈ ਟਰੂਡੋ ਲੰਡਨ ਪਹੁੰਚੇ



ਲੰਡਨ, 6 ਮਾਰਚ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਚਾਰ ਦੇਸ਼ਾਂ ਦੇ ਯੂਰਪ ਟੂਰ ਲਈ ਲੰਡਨ ਪਹੁੰਚ ਗਏ। ਰੂਸ ਵੱਲੋਂ ਯੂਕਰੇਨ ਉੱਤੇ ਬੋਲੇ ਗਏ ਹਮਲੇ ਤੋਂ ਬਾਅਦ 1•5 ਮਿਲੀਅਨ ਯੂਕਰੇਨੀ ਲੋਕਾਂ ਵੱਲੋਂ ਰਫਿਊਜੀਆਂ ਵਜੋਂ ਯੂਰਪ ਵਿੱਚ ਵੱਖ ਵੱਖ ਥਾਂਵਾਂ ਉੱਤੇ ਪਨਾਹ ਲਈ ਗਈ ਹੈ।

ਆਪਣੇ ਇਸ ਦੌਰੇ ਦੌਰਾਨ ਟਰੂਡੋ ਰੂਸ ਦੀ ਇਸ ਧੱਕੇਸ਼ਾਹੀ ਬਾਰੇ ਆਪਣੇ ਕਈ ਸਹਿਯੋਗੀਆਂ ਨਾਲ ਮੁਲਾਕਾਤ ਕਰਨਗੇ।ਟਰੂਡੋ ਦੂਜੀ ਵਾਰੀ ਧਰਾਸ਼ਾਈ ਹੋਏ ਯੂਕਰੇਨ ਦੇ ਬੰਦਰਗਾਹ ਵਾਲੇ ਸ਼ਹਿਰ ਵਿੱਚ ਫਸੇ ਨਾਗਰਿਕਾਂ ਨੂੰ ਬਾਹਰ ਕੱਢਣ ਦੇ ਇਰਾਦੇ ਨਾਲ ਵੀ ਬ੍ਰਿਟੇਨ ਪਹੁੰਚੇ ਹਨ।ਯੂਕਰੇਨ ਦੇ ਮਿਲਟਰੀ ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ 10:00 ਵਜੇ ਤੋਂ ਰਾਤ ਦੇ 9:00 ਵਜੇ ਤੱਕ ਐਲਾਨੀ ਗਈ ਜੰਗਬੰਦੀ ਦੌਰਾਨ ਸਥਾਨਕ ਵਾਸੀਆਂ ਵੱਲੋਂ ਮੈਰੀਓਪੋਲ ਛੱਡਣ ਦੀ ਸੰਭਾਵਨਾ ਸੀ ਪਰ ਗ੍ਰਹਿ ਮੰਤਰਾਲੇ ਦੇ ਸਲਾਹਕਾਰ ਐਂਟਨ ਗੈਰਾਸੈਂਕੋ ਨੇ ਆਖਿਆ ਕਿ ਰੂਸੀ ਫੌਜਾਂ ਵੱਲੋਂ ਹਮਲੇ ਵਿੱਚ ਕੋਈ ਢਿੱਲ ਨਾ ਦਿੱਤੇ ਜਾਣ ਕਾਰਨ ਲੋਕਾਂ ਨੂੰ ਇਲਾਕਾ ਛੱਡਣ ਤੋਂ ਰੋਕ ਦਿੱਤਾ ਗਿਆ।

24 ਫਰਵਰੀ ਨੂੰ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਇਸ ਹਮਲੇ ਵਿੱਚ ਮਾਰੇ ਗਏ ਲੋਕਾਂ ਦੀ ਸਹੀ ਗਿਣਤੀ ਪਤਾ ਲਾਉਣਾ ਸੰਭਵ ਨਹੀਂ ਹੈ।ਸੰਯੁਕਤ ਰਾਸ਼ਟਰ ਦੇ ਹਿਊਮਨ ਰਾਈਟਸ ਆਫਿਸ ਅਨੁਸਾਰ ਹੁਣ ਤੱਕ 364 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋ ਚੁੱਕੀ ਹੈ ਪਰ ਮਰਨ ਵਾਲਿਆਂ ਦੀ ਗਿਣਤੀ ਇਸ ਤੋਂ ਕਿਤੇ ਜ਼ਿਆਦਾ ਹੋਣ ਦੀ ਸੰਭਾਵਨਾ ਹੈ।ਰੂਸੀ ਤੇ ਯੂਕਰੇਨੀ ਅਧਿਕਾਰੀਆਂ ਵੱਲੋਂ ਇਸ ਸੰਘਰਸ਼ ਦੌਰਾਨ ਮਰਨ ਵਾਲੇ ਫੌਜੀਆਂ ਦੀ ਗਿਣਤੀ ਸਬੰਧੀ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ ਹੈ।

ਸੋਮਵਾਰ ਨੂੰ ਟਰੂਡੋ ਲੰਡਨ ਵਿੱਚ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨਾਲ ਮੁਲਾਕਾਤ ਕਰਨਗੇ

...ਬਾਕੀ ਪੰਨਾ 3 'ਤੇ

## ਮੈਕਰੋਂ ਅਤੇ ਪੁਤਿਨ ਵਿਚਾਲੇ ਗੱਲਬਾਤ ਐਟਮੀ ਪਲਾਂਟ ਬਚਾਉਣ ਉੱਤੇ ਕੇਂਦਰਿਤ ਰਹੀ

### * ਅਮਨ-ਵਾਰਤਾ ਵਿਚਾਲੇ ਵੀ ਯੂਕਰੇਨ ਰੂਸੀ ਫੌਜ ਦਾ ਹਮਲਾ ਜਾਰੀ



ਪੈਰਿਸ, 6 ਮਾਰਚ, (ਪੋਸਟ ਬਿਊਰੋ)- ਫਰਾਂਸ ਦੇ ਰਾਸ਼ਟਰਪਤੀ ਦਫ਼ਤਰ ਵੱਲੋਂ ਦਿੱਤੀ ਸੂਚਨਾ ਮੁਤਾਬਕ ਅੱਜ ਐਤਵਾਰ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਵਿਚਾਲੇ ਹੋਈ ਗੱਲਬਾਤ ਦਾ ਕੇਂਦਰੀ ਨੁਕਤਾ ਯੂਕਰੇਨਵਿਚਲੇਐਟਮੀ ਪਲਾਂਟਾਂ ਦੀ ਸੁਰੱਖਿਆ ਹੀ ਬਣਿਆ ਰਿਹਾ।

ਇਸ ਬਾਰੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੀ ਸਰਕਾਰੀ ਰਿਹਾਇਸ਼ 'ਐਲੀਸੀ' ਵਾਲੇ ਦਫਤਰ ਨੇ ਦੱਸਿਆ ਹੈ ਕਿ ਮੈਕਰੋਂ ਦੇ ਕਹਿਣ ਉੱਤੇਅੱਜ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਕਾਲ ਕੀਤੀ ਤੇ ਫਿਰ ਦੋਵਾਂ ਨੇਤਾਵਾਂ ਦੀ ਕਰੀਬ ਦੋ ਘੰਟੇ ਲੰਮੀ ਗੱਲਬਾਤ ਹੋਈ ਹੈ। ਫਰਾਂਸ ਦੇ ਇਕ ਅਧਿਕਾਰੀ ਮੁਤਾਬਕ ਮੈਕਰੋਂ ਨੇ ਯੂਕਰੇਨ ਵਿਚਲੇ ਚੇਰਨੋਬਿਲ ਤੇ ਹੋਰ ਐਟਮੀ ਪਲਾਂਟਾਂ ਵਿੱਚ ਅੰਤਰਰਾਸ਼ਟਰੀ ਐਟਮੀ ਊਰਜਾ ਏਜੰਸੀ ਵੱਲੋਂ ਸੁਰੱਖਿਆ ਦੇ ਮਿਥੇ ਸਟੈਂਡਰਡ ਉੱਤੇ ਅਮਲ ਯਕੀਨੀ ਕਰਨ ਉੱਤੇ ਜ਼ੋਰ ਦਿੱਤਾ ਅਤੇ ਰਾਸ਼ਟਰਪਤੀ ਪੁਤਿਨ ਨੂੰ ਕਿਹਾ ਕਿ ਇਨ੍ਹਾਂ ਪਲਾਂਟਾਂ ਨੂੰ ਹਮਲਿਆਂਦਾ ਨਿਸ਼ਾਨਾ ਨਾ ਬਣਾਇਆ ਜਾਵੇ। ਇਸ ਅਧਿਕਾਰੀ ਮੁਤਾਬਕ ਪੁਤਿਨ ਨੇ ਕਿਹਾ ਕਿ ਉਨ੍ਹਾਂ ਦਾ ਇਰਾਦਾ ਐਟਮੀ ਪਲਾਂਟਾਂ ਉੱਤੇ ਹਮਲਾ ਕਰਨਾ ਨਹੀਂ ਤੇ ਉਹ ਇਸ ਬਾਰੇਇੰਟਰਨੈਸ਼ਨਲ ਐਟਾਮਿਕ ਐਨਰਜੀ ਏਜੰਸੀ (ਆਈਏਈਏ), ਯੂਕਰੇਨ ਅਤੇ ਰੂਸਵਿਚਾਲੇਗੱਲਬਾਤਲਈ ਸਹਿਮਤ ਹਨ। ਉਸ ਨੇ ਕਿਹਾ ਕਿ ਅਗਲੇ ਦਿਨਾਂ ਵਿੱਚਵਿਸ਼ੇਸ਼ ਗੱਲਬਾਤ ਹੋਣੀ ਹੈ।ਮੈਕਰੋਂ ਨੇ ਰੂਸ ਨੂੰ ਆਪਣੀ ਫੌਜੀ ਮੁਹਿੰਮ ਰੋਕਣ ਦੀਅਪੀਲਵੀ ਕੀਤੀ ਤੇ ਨਾਗਰਿਕਾਂ ਦੇ ਸੁਰੱਖਿਆ ਤੇ ਮਨੁੱਖੀ ਸਹਾਇਤਾ ਉਨ੍ਹਾਂ ਦੀ ਪਹੁੰਚਣ ਦੇਣ ਦੀ ਲੋੜ ਉੱਤੇ ਜ਼ੋਰ ਦਿੱਤਾ, ਜਿਸ ਬਾਰੇ ਦੋਵਾਂ ਆਗੂਆਂ ਦੀ ਗੱਲਬਾਤ ਹੁੰਦੀ ਰਹੀ ਹੈ।

ਦੂਸਰੇ ਪਾਸੇ ਯੂਕਰੇਨ ਉੱਤੇਰੂਸੀ ਫ਼ੌਜ ਦੇ ਹਮਲਿਆਂ ਦੇ ਐਤਵਾਰ ਦੇ ਦਸਵੇਂ ਦਿਨਅੱਜ ਜੰਗਬੰਦੀ ਲਈ ਕੋਸ਼ਿਸ਼ ਹੁੰਦੀ ਰਹੀ, ਪਰ ਸਿਰੇ ਨਹੀਂ ਚੜ੍ਹ ਸਕੀ। ਐਤਵਾਰ ਨੂੰ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂਦੇ ਬਾਅਦ ਤੁਰਕੀ ਦੇ ਰਾਸ਼ਟਰਪਤੀ ਰੀਸੈਪ ਅਰਦੋਗਾਨ ਨੇ ਵੀ ਫੋਨ ਉੱਤੇਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗੱਲ ਕੀਤੀ ਤੇ ਅੱਜ ਐਤਵਾਰ ਰਾਤ ਮਾਸਕੋ ਪੁੱਜੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨਾਫਤਾਲੀ ਬੈਨੇਟ ਨੇ ਵੀ ਰਾਸ਼ਟਰਪਤੀ ਪੁਤਿਨ ਨੂੰ ਜੰਗਬੰਦੀ ਦੀ ਅਪੀਲ ਕੀਤੀ, ਪਰ ਸਾਰਿਆਂ ਨੂੰ ਪੁਤਿਨ ਦਾਇੱਕੋ ਜਵਾਬ ਸੀ ਕਿ ਯੂਕਰੇਨ ਹਥਿਆਰ ਮੁਕਤ ਅਤੇ ਨਿਰਪੱਖ ਭੂਮਿਕਾ ਵਾਲਾ ਦੇਸ਼ ਬਣਨਾ ਮੰਨ ਜਾਵੇ ਤਾਂ ਜੰਗ ਰੋਕ ਦੇਣਗੇ।ਇਸ ਤੋਂ ਉਲਟਯੂਕਰੇਨੀ ਰਾਸ਼ਟਰਪਤੀ ਵੋਲਡੋਮੀਰ ਜ਼ੇਲੈਂਸਕੀ ਨੂੰ ਹਮਲੇ ਰੋਕਣ ਦੀ ਮੰਗ ਵੀ ਕੀਤੀ ਅਤੇ ਜੰਗ ਜਾਰੀ ਰੱਖਣ ਲਈ ਅਮਰੀਕਾ ਤੇ ਸਮੱਰਥਕ ਦੇਸ਼ਾਂ ਤੋਂ ਹਥਿਆਰਾਂ ਦੀ ਮੰਗ ਦੇ ਨਾਲਰੂਸਉੱਤੇ ਹੋਰ ਸਖ਼ਤ ਪਾਬੰਦੀਆਂ ਲਾਉਣ ਦੀ ਮੰਗ ਵੀ ਕੀਤੀ ਹੈ।

ਓਧਰ ਰਾਜਧਾਨੀ ਕੀਵ ਸਮੇਤ ਯੂਕਰੇਨ ਦੇ ਕਈ ਸ਼ਹਿਰਾਂ ਵਿੱਚਰੂਸੀਹਮਲਿਆਂ ਨਾਲ ਤਬਾਹੀ ਜਾਰੀ ਹੈ। ਜ਼ਮੀਨੀ ਤੇ ਹਵਾਈ ਹਮਲਿਆਂ ਕਾਰਨ ਲੋਕ ਘਰਾਂ ਵਿੱਚ ਫਸੇ ਹਨ ਤੇਹਰ ਤਰ੍ਹਾਂ ਦੀ ਸਪਲਾਈ ਰੁਕਣ ਨਾਲ ਉਨ੍ਹਾਂ ਨੂੰ ਖਾਣ-ਪੀਣ ਦੇ ਸਾਮਾਨ ਤੇ ਜ਼ਰੂਰੀ ਵਸਤਾਂ ਨਹੀਂ ਮਿਲ ਰਹੀਆਂ ਤੇ ਜ਼ਬਰਦਸਤ ਠੰਢ ਵਿੱਚ ਬਿਜਲੀ ਤੇ ਗੈਸ ਦੀ ਕਮੀ ਕਾਰਨ ਬੱਚਿਆਂ ਤੇ ਬਜ਼ੁਰਗਾਂ ਲਈ ਜਾਨ ਲਈ ਖ਼ਤਰਾ ਪੈਦਾ ਹੈ।ਰੂਸੀ ਹਮਲਿਆਂ ਨਾਲਯੂਕਰੇਨ ਦੇ ਛੇ ਖੇਤਰਾਂ ਵਿਚਲੇ 16 ਗੈਸ ਸਪਲਾਈ ਕੇਂਦਰ ਬੰਦ ਹੋਣ ਨਾਲ ਗੈਸ ਦੀ ਘਾਟ ਹੋ ਰਹੀ ਹੈ।ਇਨ੍ਹਾਂ ਸ਼ਹਿਰਾਂ ਵਿੱਚ ਕੀਵ, ਖਾਰਕੀਵ, ਮੀਕੋਲਾਈਵ, ਜਪੋਰੀਜੀਆ, ਡੋਨੇਸਕ ਅਤੇ ਲੁਹਾਂਸਕ ਸ਼ਾਮਲ ਹਨ। ਹਮਲਿਆਂਕਾਰਨ ਕਈ ਸ਼ਹਿਰਾਂਦੀ ਬਿਜਲੀ ਸਪਲਾਈ ਵੀ ਪ੍ਰਭਾਵਤ ਹੋਈ ਹੈ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

## ਮਾਸਕ ਪਾਉਣਾ ਜਾਂ ਨਾ ਪਾਉਣਾ ਹੋਵੇਗੀ ਨਿਜੀ ਚੋਣ!



ਓਟਵਾ, 6 ਮਾਰਚ (ਪੋਸਟ ਬਿਊਰੋ) : ਥੋੜ੍ਹੀ ਜਿਹੀ ਸੁਰ ਬਦਲਦਿਆਂ ਕੈਨੇਡਾ ਦੇ ਉੱਘੇ ਪਬਲਿਕ ਹੈਲਥ ਅਧਿਕਾਰੀਆਂ ਵੱਲੋ ਇਹ ਆਖਿਆ ਜਾ ਰਿਹਾ ਹੈ ਕਿ ਹੁਣ ਜਦੋ ਕਈ ਪ੍ਰੋਵਿੰਸਾਂ ਵਿੱਚ ਪਾਬੰਦੀਆਂ ਘਟਾਈਆਂ ਜਾ ਰਹੀਆਂ ਹਨ ਅਜਿਹੇ ਵਿੱਚ ਮਾਸਕ ਪਾਉਣਾਂ ਜਾਂ ਨਾ ਪਾਉਣਾ ਨਿਜੀ ਚੋਣ ਹੋਵੇਗੀ।

ਡਿਪਟੀ ਚੀਫ ਪਬਲਿਕ ਹੈਲਥ ਆਫੀਸਰ ਡਾ. ਹੌਵਰਨ ਜੂ ਵੱਲੋਂ ਸ਼ੁੱਕਰਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਇਹ ਟਿੱਪਣੀਆਂ ਕੀਤੀਆਂ ਗਈਆਂ।ਉਨ੍ਹਾਂ ਆਖਿਆ ਕਿ ਭਾਵੇਂ ਮਾਸਕ ਪਾਉਣਾ ਜਾਂਚੀ ਪਰਖੀ ਪ੍ਰੈਕਟਿਸ ਹੈ ਪਰ ਦੇਸ਼ ਭਰ ਹੁਣ ਇਹ ਲਾਜ਼ਮੀ ਨਿਯਮ ਨਹੀਂ ਰਹਿ ਗਿਆ ਹੈ।ਪਰ ਕੋਈ ਵੀ ਵਿਅਕਤੀ ਜੇ ਮਾਸਕ ਪਾਉਂਦਾ ਹੈ ਤਾਂ ਇਹ ਉਸ ਦੀ ਆਪਣੀ ਚੋਣ ਹੋਵੇਗੀ।

ਓਨਟਾਰੀਓ ਵੱਲੋਂ ਮਾਰਚ ਦੇ ਅੰਤ ਤੱਕ ਮਾਸਕ ਸਬੰਧੀ ਇਸ ਨਿਯਮ ਨੂੰ ਖ਼ਤਮ ਕਰ ਦਿੱਤਾ ਜਾਵੇਗਾ ਜਦਕਿ ਸਸਕੈਚਵਨ ਤੇ ਅਲਬਰਟਾ ਵਿੱਚ ਮਾਸਕ ਪਾਉਣੇ ਪਹਿਲਾਂ ਹੀ ਬੰਦ ਕੀਤੇ ਜਾ ਚੁੱਕੇ ਹਨ। ਕਿਊਬਿਕ ਵੀ ਇਹ ਸੰਕੇਤ ਦੇ ਚੁੱਕਿਆ ਹੈ ਕਿ ਅਪਰੈਲ ਦੇ ਸ਼ੁਰੂ ਵਿੱਚ ਮਾਸਕ ਸਬੰਧੀ ਇਸ ਸ਼ਰਤ ਵਿੱਚ ਢਿੱਲ ਦਿੱਤੀ ਜਾਵੇਗੀ।ਇਸ ਦੌਰਾਨ ਡਾ. ਥੈਰੇਸਾ ਟੈਮ ਨੇ ਇਸ ਕਾਨਫਰੰਸ ਵਿੱਚ ਹੀ ਆਖਿਆ ਕਿ ਕੋਵਿਡ-19 ਅਜੇ ਵੀ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ ਪਰ ਪਿਛਲੇ ਹਫਤੇ ਨਾਲੋਂ ਕੋਵਿਡ-19 ਦੇ ਮਾਮਲੇ 4.5 ਫੀ ਸਦੀ ਘਟ ਗਏ ਹਨ।

ਉਨ੍ਹਾਂ ਇਹ ਚੇਤਾਵਨੀ ਵੀ ਦਿੱਤੀ ਕਿ ਪਬਲਿਕ ਹੈਲਥ ਮਾਪਦੰਡਾਂ ਵਿੱਚ ਢਿੱਲ ਦੇਣ ਨਾਲ ਕਈ ਥਾਂਵਾਂ ਉੱਤੇ ਮਾਮਲਿਆਂ ਵਿੱਚ ਵਾਧਾ ਵੀ ਵੇਖਣ ਨੂੰ ਮਿਲਿਆ ਹੈ ਤੇ ਆਉਣ ਵਾਲੇ ਹਫਤਿਆਂ ਵਿੱਚ ਹੋਰਨਾਂ ਥਾਂਵਾਂ ਉੱਤੇ ਵੀ ਇਹ ਵਾਧਾ ਵੇਖਣ ਨੂੰ ਮਿਲ ਸਕਦਾ ਹੈ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ



ਟੋਰਾਂਟੋ, 6 ਮਾਰਚ (ਪੋਸਟ ਬਿਊਰੋ) : ਐਤਵਾਰ ਨੂੰ ਡਾਊਨਟਾਊਨ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਇਹ ਹਾਦਸਾ ਦੁਪਹਿਰੇ 3:30 ਵਜੇ ਡੰਡਸ ਸਟਰੀਟ ਈਸਟ ਤੇ ਬੱਡ ਸਟਰੀਟ, ਜੋ ਕਿ ਯੰਗ ਸਟਰੀਟ ਤੋਂ ਪੂਰਬ ਵੱਲ ਸਥਿਤ ਹੈ, ਉੱਤੇ ਵਾਪਰਿਆ।ਹਾਦਸੇ ਤੋਂ ਬਾਅਦ ਇਹ ਵਿਅਕਤੀ ਬਿਲਕੁਲ ਨਿਢਾਲ ਹਾਲਤ ਵਿੱਚ ਸੀ ਤੇ ਉਸ ਨੂੰ ਨੇੜਲੇ ਟਰੌਮਾ ਸੈਂਟਰ ਲਿਜਾਏ ਜਾਣ ਤੋਂ ਪਹਿਲਾਂ ਪੈਰਾਮੈਡਿਕਸ ਵੱਲੋਂ ਉਸ ਦੀ ਜਾਣ ਬਚਾਉਣ ਦੀ ਵੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਬਾਅਦ ਵਿੱਚ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਹ ਦਮ ਤੋੜ ਗਿਆ। ਮਾਮਲੇ ਦੀ ਜਾਂਚ ਲਈ ਗੱਡੀ ਦਾ ਡਰਾਈਵਰ ਮੌਕੇ ਉੱਤੇ ਹੀ ਬਣਿਆ ਰਿਹਾ ਤੇ ਉਸ ਵੱਲੋਂ ਪੁਲਿਸ ਜਾਂਚ ਵਿੱਚ ਮਦਦ ਵੀ ਕੀਤੀ ਗਈ।

INSURANCE
- Home - Auto
- Business - Trucking
- Life Insurance - Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC Raj Narang, Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL Insurance Advisor
416-724-5000
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
- Immigration - Real Estate
- Family Law - Business Closing
- Corporate - Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats - Spiders & Fleas - Bedbugs - Wasps
- Cockroaches - Carpenter Ants - Silver Fish - Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law - Business Law
- Wills & Estates - Family Law
- Power of Attorney - Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop In!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

NATION-WIDE **TALK, TEXT & DATA PLAN**

# $25/mo.



1 Promenade Circle, Thornhill
379 Main St. North, Brampton
2456 Lake Shore Blvd West, Etobicoke

chatr™
AUTHORIZED DEALER

Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਟਰੂਡੋ ਲੰਡਨ ਪਹੁੰਚੇ

...ਪੰਨਾ 1 ਦਾ ਬਾਕੀ

ਜਿੱਥੇ ਉਨ੍ਹਾਂ ਦੇ ਹਮਰੁਤਬਾ ਜਰਮਨੀ ਦੇ ਅਧਿਕਾਰੀ ਮਾਰਕ ਰੱਟ ਵੀ ਇਸ ਗੱਲਬਾਤ ਵਿੱਚ ਸ਼ਾਮਲ ਹੋਣਗੇ। ਆਉਣ ਵਾਲੇ ਦਿਨਾਂ ਵਿੱਚ ਟਰੂਡੋ ਵੱਲੋਂ ਰੀਗਾ, ਲੈਟਵੀਆ, ਬਰਲਿਨ ਤੇ ਵਾਰਸਾਅ, ਪੋਲੈਂਡ ਦੇ ਆਗੂਆਂ ਨਾਲ ਵੀ ਮੁਲਾਕਾਤ ਕੀਤੀ ਜਾਵੇਗੀ। ਇਸ ਤੋਂ ਇਲਾਵਾ ਟਰੂਡੋ ਵੱਲੋਂ ਨਾਟੋ ਦੇ ਸਕੱਤਰ ਜਨਰਲ ਜੈੱਸ ਸਟੌਲਟਨਬਰਗ ਨਾਲ ਵੀ ਮੁਲਾਕਾਤ ਕੀਤੀ ਜਾਵੇਗੀ ਤੇ ਉਹ ਲੈਟਵੀਆ ਦੇ ਫੌਜੀ ਟਿਕਾਣੇ ਦਾ ਦੌਰਾ ਵੀ ਕਰਨਗੇ ਜਿੱਥੇ ਸੈਂਕੜੇ ਕੈਨੇਡੀਅਨ ਸੈਨਿਕ ਨਾਟੋ ਦੇ ਮਿਸ਼ਨ ਤਹਿਤ ਤਾਇਨਾਤ ਹਨ।

ਜ਼ਿਕਰਯੋਗ ਹੈ ਕਿ ਕੈਨੇਡਾ ਦੇ ਵਿਦੇਸ਼ ਮੰਤਰੀ ਮਿਲੇਨੀ ਜੌਲੀ ਪਿਛਲੇ ਕੁੱਝ ਦਿਨਾਂ ਤੋਂ ਰੂਸ ਉੱਤੇ ਪਾਬੰਦੀਆਂ ਹੋਰ ਸਖ਼ਤ ਕਰਨ ਲਈ ਨਾਟੋ ਤੇ ਯੂਰਪੀਅਨ ਕਮਿਸ਼ਨ ਦੇ ਅਧਿਕਾਰੀਆਂ ਨਾਲ ਗੱਲਬਾਤ ਵਾਸਤੇ ਯੂਰਪ ਵਿੱਚ ਹਨ। ਇੰਟਰਨੈਸ਼ਨਲ ਡਿਵੈਲਪਮੈਂਟ ਮੰਤਰੀ ਹਰਜੀਤ ਸੱਜਣ ਵੀ ਜਨੇਵਾ ਜਾਣਗੇ ਤੇ ਫਿਰ ਸੰਯੁਕਤ ਰਾਸ਼ਟਰ ਤੇ ਯੂਕਰੇਨ ਬਾਰੇ ਹੋਰਨਾਂ ਅਧਿਕਾਰੀਆਂ ਨਾਲ ਮੁਲਾਕਾਤ ਲਈ ਪੂਰਬੀ ਯੂਰਪ ਵਿੱਚ ਟਰੂਡੋ ਨੂੰ ਜੁਆਇਨ ਕਰਨਗੇ।

# ਰੂਸ ਦੇ 29 ਸ਼ਹਿਰਾਂ ਵਿੱਚ ਜੰਗ ਵਿਰੁੱਧ ਪ੍ਰਦਰਸ਼ਨ ਕਰਦੇ 1000 ਤੋਂ ਵੱਧ ਲੋਕ ਗ੍ਰਿਫਤਾਰ

ਮਾਸਕੋ, 6 ਮਾਰਚ, (ਪੋਸਟ ਬਿਊਰੋ)- ਯੂਕਰੇਨ ਉੱਤੇ ਰੂਸੀ ਫੌਜ ਹਮਲੇ ਕਾਰਨਰੂਸ ਵਿੱਚਵੀ ਰਾਸ਼ਟਰਪਤੀ ਪੁਤਿਨ ਦਾ ਵਿਰੋਧ ਹੋ ਰਿਹਾ ਹੈ।ਅੱਜ ਰੂਸ ਦੇ 29 ਸ਼ਹਿਰਾਂ ਵਿੱਚਰੂਸ-ਯੂਕਰੇਨ ਜੰਗਖ਼ਿਲਾਫ਼ ਮੁਜ਼ਾਹਰੇ ਕਰਨ ਵਾਲੇ 1000 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ, ਪਰਰੂਸ ਦੀ ਸਰਕਾਰੀ ਏਜੰਸੀ ਦੀ ਰਿਪੋਰਟ ਹੈ ਕਿ ਫਰਵਰੀ ਵਿੱਚਰਾਸ਼ਟਰਪਤੀ ਪੁਤਿਨ ਦੀ ਹਰਮਨ ਪਿਆਰਤਾ ਵਧ ਕੇ 71 ਫ਼ੀਸਦੀ ਹੋ ਗਈ ਹੈ।



ਇਸ ਦੌਰਾਨ ਰੂਸ ਦੀ ਇਕ ਆਜ਼ਾਦ ਨਿਗਰਾਨੀ ਸੰਸਥਾ ਓਵੀਡੀ-ਇਨਫੋ ਮੁਤਾਬਕ ਸਾਈਬੇਰੀਆ ਸਣੇਰੂਸ ਦੇ 29 ਸ਼ਹਿਰਾਂ ਵਿੱਚਅੱਜ ਲੋਕਾਂ ਨੇ ਜੰਗ ਵਿਰੁੱਧ ਮੁਜ਼ਾਹਰੇ ਕੀਤੇ ਅਤੇ ਇਸ ਮੌਕੇ 1951 ਲੋਕਾਂ ਨੂੰ ਗ੍ਰਿਫਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਮੁਜ਼ਾਹਰਾਕਾਰੀਆਂ ਵੱਲੋਂ ਇੰਟਰਨੈੱਟ ਮੀਡੀਆ ਉੱਤੇਪਾਈ ਵੀਡੀਓ ਵਿੱਚ ਖਾਬਰੋਵਸਕ ਸ਼ਹਿਰਦਾ ਇੱਕ ਮੁਜ਼ਾਹਰਾਕਾਰੀ ਜੰਗ ਵਿਰੁੱਧ ਨਾਅਰਾ ਲਾ ਰਿਹਾ ਹੈ।ਰੂਸੀ ਗ੍ਰਹਿ ਮੰਤਰਾਲੇ ਨੇ ਸ਼ਨਿਚਰਵਾਰ ਨੂੰ ਕਿਹਾ ਸੀ ਕਿ ਕਿਸੇ ਵੀ ਤਰ੍ਹਾਂ ਦੇ ਅਣਅਧਿਕਾਰਤ ਮੁਜ਼ਾਹਰਾ ਕਰਨ ਵਾਲੇ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ।

# ਪੰਜਾਬ ਵਿਧਾਨ ਸਭਾ ਚੋਣਾਂ: ਕਿਸੇ ਨੂੰ ਬਹੁਮਤ ਨਾ ਮਿਲਿਆ ਤਾਂ ਵਿਧਾਇਕਾਂ ਦੀ ਖਰੀਦੋ-ਫਰੋਖਤ ਦਾ ਸ਼ੱਕ ਵਧਿਆ

ਚੰਡੀਗੜ੍ਹ, 6 ਮਾਰਚ, (ਪੋਸਟ ਬਿਊਰੋ)- ਪੰਜਾਬ ਸਮੇਤ ਭਾਰਤ ਦੇ ਪੰਜ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਨਤੀਜੇ 10 ਮਾਰਚ ਨੂੰ ਐਲਾਨੇ ਜਾਣਗੇ। ਇਹ ਨਤੀਜੇ ਆਉਣ ਪਿੱਛੋਂ ਪੰਜਾਬ ਵਿੱਚ ਸਿਆਸੀ ਧਿਰਾਂ ਵੱਲੋਂ ਖਰੀਦ-ਫਰੋਖਤ ਸ਼ੁਰੂ ਹੋਣ ਦੇ ਡਰ ਕਾਰਨ ਕਾਂਗਰਸ ਤੇ ਆਮ ਆਦਮੀ ਪਾਰਟੀ ਵੱਲੋਂ ਨਵੇਂ ਚੁਣੇ ਵਿਧਾਇਕਾਂ ਨੂੰ ਪੰਜਾਬੋਂ ਬਾਹਰ ਭੇਜਣ ਦੀ ਸੰਭਾਵਨਾ ਹੈ। ਕਾਂਗਰਸ ਆਪਣੇ ਵਿਧਾਇਕ ਰਾਜਸਥਾਨ ਭੇਜ ਸਕਦੀ ਹੈ, ਜਦੋਂਕਿ ਦਿੱਲੀ ਦੀਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਆਪਣੇ ਵਿਧਾਇਕਾਂ ਨੂੰ ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਭੇਜ ਸਕਦੀ ਹੈ।

ਮਿਲੀਆਂ ਖਬਰਾਂ ਮੁਤਾਬਕ ਰਾਜਸਥਾਨ ਦੀ ਕਾਂਗਰਸ ਸਰਕਾਰ ਹੋਣ ਕਾਰਨ ਪੰਜਾਬ ਦੇ ਨਵੇਂ ਕਾਂਗਰਸ ਵਿਧਾਇਕਾਂ ਨੂੰ ਜੈਪੁਰਰੱਖਣ ਦਾ ਫੈਸਲਾ ਕੀਤਾ ਗਿਆ ਹੈ।ਕਿਹਾ ਜਾਂਦਾ ਹੈ ਕਿ




ਕਾਂਗਰਸ ਦੇ ਅੰਦਰੂਨੀ ਸਰਵੇਖਣਾਂ ਮੁਤਾਬਕ ਪਾਰਟੀ ਨੂੰ ਪੰਜਾਬ ਵਿੱਚਕਰੀਬ 50 ਸੀਟਾਂ ਮਿਲ ਸਕਦੀਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ ਇੱਕ ਹੋਰ ਸਰਵੇਖਣ ਮੁਤਾਬਕ ਅਕਾਲੀ-ਬਸਪਾ ਗਠਜੋੜ ਨੂੰ 35 ਦੇ ਕਰੀਬ ਸੀਟਾਂ ਮਿਲ ਸਕਦੀਆਂ ਹਨ। ਆਮ ਆਦਮੀ ਪਾਰਟੀ ਪੰਜਾਬ ਵਿੱਚ ਪੂਰਨ ਬਹੁਮਤ ਹਾਸਲ ਕਰਨ ਦਾ ਦਾਅਵਾ ਕਰਦੀ ਹੈ। ਅਕਾਲੀ ਆਗੂ ਚੋਣਾਂ ਤੋਂ ਬਾਅਦ ਗਠਜੋੜ ਬਣਾਉਣ ਦੇ ਲਈ ਭਾਜਪਾ ਦੇ ਸੰਪਰਕ ਵਿੱਚਆ ਚੁੱਕੇ ਹਨ।ਇਸ ਰਿਪੋਰਟ ਮੁਤਾਬਕ ਸਾਰੀਆਂ ਪਾਰਟੀਆਂ ਪੰਜਾਬ ਵਿੱਚ ਅਗਲੀ ਸਰਕਾਰ ਬਣਾਉਣ ਦਾ ਦਾਅਵਾ ਕਰਦਆਂ ਹਨ, ਪਰ ਸੰਭਾਵਨਾ ਪੰਜਾਬ ਵਿੱਚ ਹੰਗ ਅਸੈਂਬਲੀ ਦੀ ਵੀ ਹੈ।

ਜਾਣਕਾਰ ਸੂਤਰਾਂ ਮੁਤਾਬਕ ਸ਼ੱਕ ਹੈ ਕਿ ਜੇ ਕਿਸੇ ਨੂੰ ਸਪੱਸ਼ਟ ਬਹੁਮਤ ਨਾ ਮਿਲਿਆ ਤਾਂ ਅਕਾਲੀ ਦਲ ਅਤੇ ਉਸ ਦੀ ਸਾਬਕਾ ਸਹਿਯੋਗੀ ਭਾਜਪਾ ਮਿਲ ਕੇ ਗੱਠਜੋੜ ਸਰਕਾਰ ਬਣਾਉਣ ਦਾ ਯਤਨ ਕਰਨਗੇ, ਪਰ ਜੇ ਲੋੜੀਂਦੀ ਗਿਣਤੀ 59 ਤੋਂ ਘੱਟ ਰਹੇ ਤਾਂ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਖਰੀਦ ਫਰੋਖਤ ਕੀਤੀ ਜਾ ਸਕਦੀ ਹੈ।ਸੂਤਰਾਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੀ ਯੋਜਨਾ ਹੈ ਕਿ ਉਨ੍ਹਾਂ ਦੇ ਨਵੇਂ ਚੁਣੇ ਵਿਧਾਇਕ ਹੋਰ ਸਿਆਸੀ ਪਾਰਟੀਆਂ ਤੋਂ ਬਚਾਉਣ ਲਈ ਦਿੱਲੀ ਲਿਜਾਏ ਜਾਣਗੇ। ਇਸ ਦੌਰਾਨ ਅਕਾਲੀ ਦਲ ਦੇ ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਜੋੜ-ਤੋੜ ਲਈ ਪਿਛਲੇ ਕੁਝ ਦਿਨਾਂ ਤੋਂ ਦਿੱਲੀ ਵਿੱਚ ਹਨ।

# 37 ਲੱਖ ਦੀ ਧੋਖਾਧੜੀ ਦੇ ਕੇਸ ਵਿੱਚ ਐਕਟਰੈੱਸ ਸੋਨਾਕਸ਼ੀ ਸਿਨਹਾ ਦੇ ਗੈਰ-ਜ਼ਮਾਨਤੀ ਵਾਰੰਟ ਨਿਕਲੇ

ਨਵੀਂ ਦਿੱਲੀ, 6 ਮਾਰਚ, (ਪੋਸਟ ਬਿਊਰੋ)- ਫਿਲਮੀ ਹੀਰੋਇਨ ਸੋਨਾਕਸ਼ੀ ਸਿਨਹਾ ਦੇ ਖਿਲਾਫ 2019 ਵਿੱਚਦਰਜ ਕੀਤੇ ਗਏ ਧੋਖਾਧੜੀ ਦੇ ਇੱਕਕੇਸ ਦਾ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਗਿਆ ਹੈ। ਸੋਨਾਕਸ਼ੀ ਉੱਤੇ37 ਲੱਖ ਰੁਪਏਲੈਣ ਦੇ ਬਾਅਦ ਵੀ ਇੱਕ ਇਵੈਂਟ ਵਿੱਚ ਸ਼ਾਮਲ ਨਾ ਹੋਣ ਦਾ ਦੋਸ਼ ਹੈ।



ਤਾਜ਼ਾ ਰਿਪੋਰਟ ਦੇ ਮੁਤਾਬਕ ਉੱਤਰ ਪ੍ਰਦੇਸ਼ ਦੀ ਮੁਰਾਦਾਬਾਦ ਅਦਾਲਤ ਨੇ ਸੋਨਾਕਸ਼ੀ ਸਿਨਹਾ ਨੂੰ ਅਗਲੇ ਮਹੀਨੇ ਇਸ ਕੇਸ ਵਿੱਚ ਪੇਸ਼ ਹੋਣ ਨੂੰ ਕਿਹਾ ਹੈ।ਇੱਕ ਸਮਾਗਮ ਦੇ ਪ੍ਰਮੋਦ ਸ਼ਰਮਾ ਨਾਂ ਦੇ ਆਯੋਜਕ ਨੇਸੋਨਾਕਸ਼ੀ ਸਿਨਹਾ ਉੱਤੇ ਧੋਖਾਧੜੀ, ਅਪਰਾਧਿਕ ਸਾਜ਼ਿਸ਼ ਤੇ ਵਿਸ਼ਵਾਸ ਤੋੜਨ ਦੇ ਦੋਸ਼ ਲਾਏ ਹਨ। ਸੋਨਾਕਸ਼ੀ ਨੇ ਦਿੱਲੀ ਵਿੱਚ ਇੱਕ ਈਵੈਂਟ ਵਿੱਚਆਉਣਾ ਸੀਅਤੇ ਇਸ ਦੇ ਲਈ ਉਸ ਨੇ 37 ਲੱਖ ਰੁਪਏ ਮੰਗੇ ਸਨ।ਪ੍ਰਮੋਦ ਸ਼ਰਮਾ ਮੁਤਾਬਕ ਉਸ ਨੇ ਦਿੱਲੀ ਵਿੱਚ ਇਹ ਈਵੈਂਟ ਕੀਤਾ ਸੀ।ਜਦੋਂ ਸੋਨਾਕਸ਼ੀ ਐਗਰੀਮੈਂਟ ਕਰਨ ਤੋਂ ਬਾਅਦ ਵੀ ਨਾ ਪਹੁੰਚੀ ਤਾਂ ਈਵੈਂਟ ਦੇ ਆਯੋਜਕ ਨੇ ਉਸ ਤੋਂ ਆਪਣੇ ਪੈਸੇ ਵਾਪਸ ਮੰਗੇ, ਪਰ ਸੋਨਾਕਸ਼ੀ ਦੇ ਮੈਨੇਜਰ ਨੇ ਪੈਸੇ ਮੋੜਨ ਤੋਂ ਇਨਕਾਰ ਕਰ ਦਿੱਤਾ। ਇਸ ਪਿੱਛੋਂਈਵੈਂਟ ਦੇ ਆਯੋਜਕ ਨੇਸੋਨਾਕਸ਼ੀ ਸਿਨਹਾ ਨਾਲ ਕਈ ਵਾਰ ਸੰਪਰਕ ਕਰਨ ਪਿੱਛੋਂ ਉਸ ਦੇ ਖਿਲਾਫ ਧੋਖਾਧੜੀ ਦੀ ਸ਼ਿਕਾਇਤ ਦਰਜ ਕਰਵਾਈ ਤਾਂ ਸੋਨਾਕਸ਼ੀ ਨੇ ਪੁਲਸ ਨੂੰ ਇਸ ਦਾ ਬਿਆਨ ਦਰਜ ਕਰਾਇਆ ਸੀ। ਫਿਰ ਲਗਾਤਾਰ ਅਦਾਲਤ ਵਿੱਚ ਪੇਸ਼ ਨਾ ਹੋਣ ਉੱਤੇ ਉਸ ਵਿਰੁੱਧ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰ ਕੇ 25 ਅਪ੍ਰੈਲ ਨੂੰ ਅਦਾਲਤ ਪੇਸ਼ ਹੋਣ ਨੂੰ ਕਿਹਾ ਗਿਆ ਹੈ।ਪਤਾ ਲੱਗਾ ਹੈ ਕਿ ਸੋਨਾਕਸ਼ੀ ਸਿਨਹਾ ਨੇ ਅਸਲ ਵਿੱਚ ਸਮਾਗਮ ਦਾ ਸਮਾਂ ਬਦਲਣਨੂੰ ਕਿਹਾ ਸੀ, ਪਰ ਪ੍ਰਬੰਧਕਾਂ ਨੇ ਇਸ ਤੋਂ ਇਨਕ-ਾਰ ਕਰ ਦਿੱਤਾ ਸੀ, ਕਿਉਂਕਿ ਉਨ੍ਹਾਂ ਨੇ ਸਾਰੇ ਪ੍ਰਬੰਧ ਕੀਤੇ ਹੋਏ ਸਨ।

# ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੂੰ 29 ਮਾਰਚ ਨੂੰ ਅਦਾਲਤੀ ਪੇਸ਼ੀ ਦੇ ਸੰਮਨ ਜਾਰੀ

ਚੰਡੀਗੜ੍ਹ, 6 ਮਾਰਚ, (ਪੋਸਟ ਬਿਊਰੋ)- ਪੰਜਾਬੀ ਗਾਇਕ ਅਤੇ ਵਿਧਾਨ ਸਭਾ ਚੋਣਾਂ ਲਈ ਮਾਨਸਾਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸਿੱਧੂਮੂਸੇਵਾਲਾ ਦੀਆਂ ਮੁਸ਼ਕਲਾਂ ਫਿਰ ਤੋਂ ਵਧ ਰਹੀਆਂ ਹਨ। ਉਸ ਨੂੰ ਇੱਕ ਗੀਤ ‘ਸੰਜੂ’ਵਿੱਚ ਵਕੀਲਾਂ ਵਿਰੁੱਧ ਗ਼ਲਤ ਸ਼ਬਦਾਵਲੀ ਬੋਲਣ ਦੇ ਕਾਰਨ ਕੀਤੇ ਗਏ ਮਾਣਹਾਨੀਕੇਸਵਿੱਚ ਅੱਜ ਅਦਾਲਤ ਨੇ ਸੰਮਨ ਜਾਰੀ ਕਰਕੇ 29 ਮਾਰਚ ਨੂੰ ਅਦਾਲਤ ਵਿੱਚ ਪੇਸ਼ ਹੋਣ ਦਾ ਹੁਕਮ ਜਾਰੀ ਕਰਦਿੱਤਾ ਹੈ। ਇਸ ਤੋਂ ਪਹਿਲਾਂ ਵਕੀਲ ਨੇ ਸਿੱਧੂਮੂਸੇਵਾਲਾ ਨੂੰ ਕਈ ਕਾਨੂੰਨੀ ਨੋਟਿਸ ਭੇਜੇ, ਪਰ ਮੂਸੇਵਾਲਾ ਨੇ ਨੋਟਿਸ ਲੈਣ ਤੋਂ ਇਨਕਾਰ ਕਰ ਦਿੱਤਾ ਸੀ।ਇਸ ਕੇਸ ਵਿੱਚ ਪਿੰਡ ਦੇ ਸਰਪੰਚ ਨੂੰ ਵੀ ਨੋਟਿਸ ਭੇਜਿਆ ਸੀ, ਪਰ ਉਸ ਨੇ ਵੀ ਨੋਟਿਸ ਨਹੀਂ ਲਿਆ। ਇਸ ਪਿੱਛੋਂ ਅਦਾਲਤ ਨੇ ਗਾਇਕ ਸਿੱਧੂਮੂਸੇਵਾਲਾ ਨੂੰ ਸੰਮਨ ਭੇਜ ਕੇ ਪੇਸ਼ ਹੋਣ ਨੂੰ ਕਿਹਾ ਹੈ।

ਵਰਨਣ ਯੋਗ ਹੈ ਕਿ ਸਿੱਧੂ ਮੂਸੇਵਾਲਾ ਨੂੰ ਸਭ ਤੋਂ ਵਿਵਾਦਤ ਪੰਜਾਬੀ ਗਾਇਕਾਂ ਵਿੱਚੋਂ ਜਾਣਿਆ ਜਾਂਦਾ ਹੈ। ਉਸ ਉੱਤੇ ਖੁੱਲ੍ਹੇਆਮ ਬੰਦੂਕ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਤੇ ਭੜਕਾਊ ਗੀਤਾਂ ਵਿੱਚ ਗੈਂਗਸਟਰਾਂ ਦੀ ਵਡਿਆਈ ਕਰਨ ਦੇ ਦੋਸ਼ ਹਨ।ਸਿੱਧੂ ਮੂਸੇਵਾਲਾਦੇ ਖਿਲਾਫ ਪਿਛਲੇ ਸਾਲ ਪੰਜਾਬ ਪੁਲਿਸ ਨੇ ਉਸਦੇ ਇੱਕ ਗੀਤ ਵਿੱਚ ਹਿੰਸਾ ਅਤੇ ਬੰਦੂਕ ਕਲਚਰ ਉਤਸ਼ਾਹਤ ਕਰਨ ਦੇ ਦੋਸ਼ ਵਿੱਚ ਆਰਮਜ਼ ਐਕਟ ਦਾਕੇਸ ਦਰਜ ਕੀਤਾ ਸੀ। ਮਈ 2020 ਵਿੱਚ ਬਰਨਾਲਾ ਦੇ ਇੱਕ ਪਿੰਡ ਵਿੱਚ ਫਾਇਰਿੰਗ ਰੇਂਜ ਵਿੱਚ ਗੋਲੀਬਾਰੀ ਕਰਨ ਦੀ ਇੱਕ ਵੀਡੀਓ ਕਲਿੱਪ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਣ ਤੋਂ ਬਾਅਦ ਸਿੱਧੂ ਮੂਸੇਵਾਲਾ ਵਿਰੁੱਧ ਅਸਲਾ ਐਕਟ ਦਾਕੇਸਵੀ ਬਣਿਆ ਸੀ।
















## ਅੱਜ ਨਾਮਾ

ਤੜਕੇ ਅੱਜ ਇੱਕ ਸੰਤ ਦੇ ਗਿਆ ਲੀਡਰ,
ਜੋੜ ਕੇ ਹੱਥ ਉਸ ਕੀਤੜੀ ਅਰਜ਼ ਭਾਈ।
ਕਹਿੰਦਾ ਸੰਤ ਜੀ ਪਤਾ ਕੁਝ ਲੱਗਦਾ ਨਹੀਂ,
ਲੱਗਦੀ ਹਾਲਤ ਹੈ ਬੜੀ ਅਸਚਰਜ ਭਾਈ।
ਬੇੜੀ ਦਾਸ ਦੀ ਤੁਸੀਂ ਬੱਸ ਪਾਰ ਲਾਉਣੀ,
ਮੰਨਦਾ ਰਹਾਂਗਾ ਉਮਰ ਦਾ ਕਰਜ਼ ਭਾਈ।
ਆਖਿਆ ਸੰਤ ਨੇ ਪੂਜਾ ਲਈ ਖਰਚ ਹੋਊ,
ਤੁਹਾਡੀ ਜਿੱਤ ਫਿਰ ਹੋਊਗੀ ਦਰਜ ਭਾਈ।
ਗਿਆ ਉਹ ਬਾਹਰ ਤਾਂਦੂਸਰਾ ਆਣ ਪੁੱਜਾ,
ਮੁਕਾਬਲਾ ਚੋਣ ਦਾ ਜਿਹੜੇ ਦੇ ਨਾਲ ਭਾਈ।
ਇੱਕੋ ਈ ਸਾਧ ਦੇ ਦੋਵੇਂ ਸਨ ਚਾਟੜੇ ਉਹ,
ਚੱਕ ਲਿਆ ਸਾਧ ਨੇ ਦੋਵਾਂ ਤੋਂ ਮਾਲ ਭਾਈ।

**ਤੀਸ ਮਾਰ ਖਾਂ**

# ਅੰਮ੍ਰਿਤਸਰ ਵਿੱਚ ਬੀ ਐੱਸ ਐੱਫ ਜਵਾਨ ਵੱਲੋਂ 5 ਸਾਥੀ ਕਤਲ ਕਰ ਕੇ ਖ਼ੁਦਕੁਸ਼ੀ

ਅੰਮ੍ਰਿਤਸਰ, 6 ਮਾਰਚ, (ਪੋਸਟ ਬਿਊਰੋ)- ਅੰਮ੍ਰਿਤਸਰ ਵਿੱਚ ਖਾਸਾ ਅਟਾਰੀ ਰੋਡ ਉੱਤੇਬੀ ਐੱਸ ਐੱਫ ਹੈੱਡਕੁਆਰਟਰਵਿਖੇ ਡਿਊਟੀ ਉੱਤੇ ਤਾਇਨਾਤ ਇੱਕ ਜਵਾਨ ਨੇ ਡਿਊਟੀ ਵੱਧ ਲੈਣ ਤੋਂ ਭੜਕ ਕੇ ਸਾਥੀ ਜਵਾਨਾਂ ਉੱਤੇ ਗੋਲ਼ੀਆਂ ਚਲਾ ਕੇ ਇੱਕ ਜਵਾਨ ਮਾਰ ਦਿੱਤਾ ਤੇ 6 ਜਵਾਨ ਜ਼ਖ਼ਮੀ ਕਰ ਦਿੱਤੇ, ਜਿਨ੍ਹਾਂ ਨੂੰ ਹਸਪਤਾਲਦਾਖ਼ਲ ਕਰਾਇਆ ਗਿਆ। ਇਨ੍ਹਾਂ ਵਿਚੋਂ ਚਾਰ ਜਣਿਆਂ ਦੀ ਹਸਪਤਾਲ ਵਿੱਚਮੌਤ ਨਾਲ ਮਰਨ ਵਾਲਿਆਂ ਦੀ ਗਿਣਤੀ ਪੰਜ ਹੋ ਗਈ ਹੈ।ਬਾਅਦ ਵਿੱਚ ਕਿ ਗੋਲ਼ੀਆਂ ਚਲਾਉਣ ਵਾਲੇ ਬੀ ਐੱਸ ਐੱਫ ਦੇ ਜਵਾਨ ਨੇ ਖ਼ੁਦਕੁਸ਼ੀ ਕਰ ਲਈ ਹੈ।

ਮਿਲੀ ਜਾਣਕਾਰੀ ਅਨੁਸਾਰ ਖਾਸਾ ਅਟਾਰੀ ਰੋਡਅੰਮ੍ਰਿਤਸਰ ਵਿਖੇਬੀ ਐੱਸ ਐੱਫ ਬਟਾਲੀਅਨ 144 ਵਿਖੇ ਹੈੱਡ ਕਾਂਸਟੇਬਲ ਸਤੁਪਾ ਕੁਟੱਪਾ ਨੇ ਡਿਊਟੀ ਰਾਈਫਲਤੋਂ ਗੋਲ਼ੀਆਂ ਚਲਾ ਦਿੱਤੀਆਂ, ਜਿਹੜੀਆਂ ਜਨਰਲ ਡਿਊਟੀ (ਜੀ ਡੀ) ਵਾਲੇ ਜਵਾਨਾਂ ਨੂੰ ਲੱਗੀਆਂ ਤੇ ਇਸ ਨਾਲ ਪੰਜ ਜਵਾਨਾਂ ਦੀ ਮੌਤ ਹੋ ਗਈ। ਪਤਾ ਲੱਗਾ ਹੈ ਕਿ ਵੱਧ ਡਿਊਟੀ ਲਏ ਜਾਣ ਤੋਂ ਖਿਝੇ ਜਵਾਨ ਸਤੁਪਾ ਨੇ ਇਹ ਜੁਰਮ ਕੀਤਾ ਹੈ।




ਇਹ ਵੀ ਪਤਾ ਲੱਗਾ ਹੈ ਕਿ ਗੋਲ਼ੀਆਂ ਚਲਾਉਣ ਵਾਲਾ ਜਵਾਨ ਲਗਾਤਾਰ ਖਾਸਾ ਕੈਂਪ ਵਿੱਚ ਫਾਇਰਿੰਗ ਕਰਦਾ ਲੰਮਾ ਸਮਾਂ ਭੱਜਦਾ ਰਿਹਾ ਤੇ ਜਿੱਥੇ ਉਸ ਨੂੰ ਬੀ ਐੱਸ ਐੱਫ ਦੇ ਕਿਸੇਅਫ਼ਸਰ ਦੀ ਗੱਡੀ ਮਿਲੀ, ਉਸਨੇ ਉਸ ਉੱਤੇ ਗੋਲੀਆਂ ਚਲਾਈਆਂ।ਇਸ ਪਿੱਛੋਂ ਦੋਸ਼ੀ ਜਵਾਨ ਨੇ ਬੀ ਐੱਸ ਐੱਫ ਦੇ ਹੈੱਡਕੁਆਰਟਰ ਵਿਚਲੇ ਹਸਪਤਾਲ ਨੇੜੇ ਜਾ ਕੇ ਆਪਣੇ-ਆਪ ਨੂੰ ਗੋਲ਼ੀਆਂ ਮਾਰ ਲਈਆਂਅਤੇ ਗੰਭੀਰ ਜ਼ਖਮੀ ਹੋ ਗਿਆ, ਜਿਸ ਦੀ ਕੁਝ ਸਮਾਂ ਬਾਅਦ ਮੌਤ ਹੋ ਗਈ। ਪੁਲਸ ਇਸ ਦੀ ਜਾਂਚ ਕਰ ਰਹੀ ਹੈ।

# ਪੈਟਰੋਲ ਪੰਪ ਦੇ ਮੈਨੇਜਰ ਤੋਂ ਲੁੱਟ ਦੀ ਕਹਾਣੀ ਡਰਾਮਾ ਨਿਕਲੀ

ਨਿਹਾਲ ਸਿੰਘ ਵਾਲਾ, 6 ਮਾਰਚ (ਪੋਸਟ ਬਿਊਰੋ)- ਪੁਲਸ ਚੌਕੀ ਬਿਲਾਸਪੁਰ ਦੇ ਪਿੰਡ ਮਾਛੀਕੇ ਦੇ ਢਿੱਲੋਂ ਪੈਟਰੋਲ ਪੰਪ ਦੇ ਮੈਨੇਜਰ ਅਤੇ ਇੱਕ ਮੁਲਾਜ਼ਮ ਤੋਂ ਮੋਗਾ-ਬਰਨਾਲਾ ਨੈਸ਼ਨਲ ਹਾਈਵੇਦੇ ਟੀ-ਪੁਆਇੰਟ ਬਿਲਾਸਪੁਰ ਵਿਖੇ ਚਿੱਟੇ ਦਿਨ ਨਕਾਬਪੋਸ਼ ਲੁਟੇਰਿਆਂ ਨੇ ਤਿੰਨ ਲੱਖ 65 ਹਜ਼ਾਰ ਦੀ ਨਕਦੀ ਖੋਹਣ ਦਾ ਪਤਾ ਲੱਗਾ ਸੀ। ਬਾਅਦ ਵਿੱਚ ਸਾਰੀ ਕਹਾਣੀ ਹੀ ਇੱਕ ਡਰਾਮਾ ਨਿਕਲੀ ਅਤੇ ਮੈਨੇਜਰ ਖੁਦ ਦੋਸ਼ੀ ਨਿਕਲਿਆ ਹੈ।

ਇਸ ਕੇਸ ਦੀ ਜਾਂਚ ਲਈ ਪੈਟਰੋਲ ਪੰਪ ਦੇ ਮੈਨੇਜਰ ਅਤੇ ਮੁਲਾਜ਼ਮਾਂ ਦੇ ਮੋਬਾਈਲ ਫੋਨ ਕਬਜ਼ੇ ਵਿੱਚ ਲੈ ਕੇ ਸ਼ੱਕ ਦੇ ਆਧਾਰ ਉੱਤੇ ਜਾਂਚ ਵਿੱਚ ਸ਼ਾਮਲ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਏ ਐਸ ਪੀ ਦੇ ਮੁਤਾ-ਬਕ ਕੱਲ੍ਹ ਸਵੇਰੇ 11 ਵਜੇ ਦੇ ਕਰੀਬ ਢਿੱਲੋਂ ਪੈਟਰੋਲ ਪੰਪ ਦਾ ਮੈਨੇਜਰ ਨਿਰਭੈ ਸਿੰਘ ਅਤੇ ਉਸ ਦਾ ਸਾਥੀ ਪ੍ਰਦੀਪ ਸਿੰਘ ਆਪਣੇ ਪਲੈਟੀਨਾ ਮੋਟਰ ਸਾਈਕਲ ਉੱਤੇ ਤਿੰਨ ਲੱਖ 65 ਹਜ਼ਾਰ ਰੁਪਏ ਨਕਦੀ ਬਿਲਾਸਪੁਰ ਦੇ ਬੈਂਕ ਵਿੱਚ ਜਮ੍ਹਾਂ ਕਰਾਉਣ ਚੱਲੇ ਸਨ ਕਿ ਕਸਬਾ ਬਿਲਾਸਪੁਰ ਟੀ ਪੁਆਇੰਟ ਉੱਤੇ ਦੋ ਮੋਟਰ ਸਾਈਕਲ ਸਵਾਰ ਨਕਾਬਪੋਸ਼ ਲੁਟੇਰਿਆਂ ਨੇ ਬੇਸਬਾਲ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਹ ਡਿੱਗ ਪਏ ਅਤੇ ਲੁਟੇਰੇ ਨਕਦੀ ਵਾਲਾ ਬੈਗ ਖੋਹ ਕੇ ਪਿੰਡ ਲੁਹਾਰਾ ਵੱਲ ਫਰਾਰ ਹੋ ਗਏ। ਬਾਅਦ ਦੀ ਜਾਂਚ ਵਿੱਚ ਇਹ ਸਾਰੀ ਕਹਾਣੀ ਇੱਕ ਡਰਾਮਾ ਨਿਕਲੀ ਹੈ।

# ਕੇਂਦਰ ਵੱਲੋਂ ਚੰਡੀਗੜ੍ਹ ਵਿੱਚ ਵੀ ਪੰਜਾਬ ਦੀ ਬਜਾਏ ਯੂ ਪੀ ਦਾ ਅਫਸਰ ਲਾਉਣ ਤੋਂ ਵਿਵਾਦ ਭਖਿਆ

ਚੰਡੀਗੜ੍ਹ, 6 ਮਾਰਚ, (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ ਚੰਡੀਗੜ੍ਹ ਵਿੱਚ ਸਿਟਕੋ (ਚੰਡੀਗੜ੍ਹ ਇੰਡਸਟਰੀਅਲ ਐਂਡ ਟੂਰਿਜ਼ਮ ਡਿਵੈੱਲਪਮੈਂਟ ਕਾਰਪੋਰੇਸ਼ਨ) ਵਿੱਚ ਪੰਜਾਬ ਦੇ ਅਫਸਰ ਦੀ ਬਣਦੀ ਥਾਂ ਉੱਤੇ ਇਸ ਵਾਰੀ ਉਤਰ ਪ੍ਰਦੇਸ਼ ਕੇਡਰ ਦਾ ਅਧਿਕਾਰੀ ਨਿਯੁਕਤ ਕਰਨ ਉਤੇ ਵੀ ਵਿਵਾਦ ਭਖ ਗਿਆ ਹੈ। ਕੇਂਦਰ ਦੀ ਸਰਕਾਰ ਦੇ ਇਸ ਫੈਸਲੇ ਨੂੰ ਪੰਜਾਬ ਦੀਆਂ ਭਾਜਪਾ ਤੋਂ ਬਿਨਾਂ ਬਾਕੀ ਸਭ ਸਿਆਸੀ ਧਿਰਾਂ ਨੇ ਪੰਜਾਬ ਨਾਲ ਧੱਕਾ ਮੰਨਿਆ ਹੈ। ਇਹ ਪਹਿਲੀ ਵਾਰ ਹੈ ਕਿ ਸਿਟਕੋ ਵਿੱਚ ਮੈਨੇਜਿੰਗ ਡਾਇਰੈਕਟਰ ਦੇ ਅਹੁਦੇ ਉਤੇ ਪੰਜਾਬ ਤੋਂ ਬਾਹਰ ਦਾ ਅਧਿਕਾਰੀ ਲਾਇਆ ਗਿਆ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀਬੀਐੱਮਬੀ) ਵਿੱਚ ਪੰਜਾਬ ਅਤੇ ਹਰਿਆਣਾ ਦਾ ਕੰਟਰੋਲ ਖਤਮ ਕਰਨ ਦਾ ਮੁੱਦਾ ਭਖਿਆ ਹੋਇਆ ਹੈ ਅਤੇ ਪੰਜਾਬ ਭਰ ਵਿੱਚ ਕਿਸਾਨਾਂ ਅਤੇ ਵਿਦਿਆਰਥੀ ਜਥੇਬੰਦੀਆਂ ਵੱਲੋਂ ਬੀਬੀਐੱਮਬੀ ਵਿੱਚ ਪੰਜਾਬ ਤੇ ਹਰਿਆਣਾ ਦਾ ਕੰਟਰੋਲ ਖਤਮ ਕਰਨ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਚੰਡੀਗੜ੍ਹ ਵਿੱਚ ਪੰਜਾਬ ਦਾ ਅਫਸਰ ਨਾ ਲਾਉਣ ਨਾਲ ਵਿਵਾਦ ਹੋਰ ਵਧ ਗਿਆ ਹੈ। ਦੂਸਰੇ ਪਾਸੇ ਪੰਜਾਬ ਭਾਜਪਾ ਦੇ ਆਗੂ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਹੈ ਕਿ ਵਾਰ-ਵਾਰ ਪੈਨਲ ਮੰਗਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਕਿਸੇ ਅਫਸਰ ਦਾ ਨਾਂਅ ਨਹੀਂ ਭੇਜਿਆ, ਜਿਸ ਕਾਰਨ ਕੇਂਦਰ ਸਰਕਾਰ ਨੂੰ ਫੈਸਲਾ ਲੈਣਾ ਪਿਆ ਹੈ।

ਇਸ ਦੌਰਾਨਬੀਬੀਐੱਮਬੀ ਵਿੱਚ ਬਿਜਲੀ ਅਤੇ ਸਿੰਜਾਈ ਬਾਰੇ ਪੱਕੇ ਮੈਂਬਰਾਂ ਰਾਹੀਂ ਪੰਜਾਬ ਤੇ ਹਰਿਆਣਾ ਦਾ ਕੰਟਰੋਲ ਕਾਇਮ ਰੱਖਣ ਲਈ ਕਿਸਾਨ ਜਥੇਬੰਦੀਆਂ ਨੇ ਜ਼ਿਲ੍ਹਾ ਅਤੇ ਤਹਿਸੀਲ ਅਧਿਕਾਰੀਆਂ ਨੂੰ ਰਾਸ਼ਟਰਪਤੀ ਦੇ ਨਾਂ ਭੇਜੇ ਮੰਗ ਪੱਤਰਾਂ ਨਾਲ ਪਹਿਲਾਂ ਵਾਂਗ ਦੋਵੇਂ ਰਾਜਾਂ ਦੇਅਧਿਕਾਰੀ ਲਾਉਣਦੀ ਮੰਗ ਕੀਤੀ ਹੈ। ਇਨ੍ਹਾਂ ਜਥੇਬੰਦੀਆਂ ਨੇ ਇਹ ਮੰਗ ਵੀ ਕੀਤੀ ਹੈ ਕਿ ਬੀ ਬੀ ਐੱਮ ਬੀ ਦਾ ਪ੍ਰਬੰਧਕੀ ਮੈਂਬਰ ਵੀ ਇਨ੍ਹਾਂ ਰਾਜਾਂ ਅਤੇ ਪ੍ਰਾਜੈਕਟ ਦੇ ਹਿੱਸੇਦਾਰ ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਚੰਡੀਗੜ੍ਹ ਵਿੱਚੋਂ ਨਿਯੁਕਤ ਕੀਤੇ ਜਾਣ ਤੇ ਫੈਸਲੇ ਕਰਨ ਦਾ ਅਧਿਕਾਰ ਇਨ੍ਹਾਂ ਮੈਂਬਰਾਂ ਕੋਲ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਾਹਰਲੇ ਰਾਜ ਤੋਂਆਏ ਚੇਅਰਮੈਨ ਪਹਿਲਾਂ ਵਾਂਗ ਸਿਰਫ ਨਿਗਰਾਨ ਵਜੋਂ ਕੰਮ ਕਰਨ। ਕਿਸਾਨਾਂ ਤੇ ਵਿਦਿਆਰਥੀ ਜਥੇਬੰਦੀਆਂ ਨੇ ਪਣ ਬਿਜਲੀ ਪ੍ਰਾਜੈਕਟ ਦੀ ਰਾਖੀ ਲਈ ਫੋਰਸ ਵੀ ਪੰਜਾਬ ਤੇ ਹਰਿਆਣਾ ਵਿੱਚੋਂ ਹੀ ਲਾਉਣ ਦੀ ਮੰਗ ਕਰਦਿਆਂ ਕੇਂਦਰੀ ਸਨਅਤੀ ਸੁਰੱਖਿਆ ਫੋਰਸ (ਸੀ ਆਈ ਐੱਸ ਐੱਫ) ਲਾਉਣ ਦਾ ਵਿਰੋਧ ਕੀਤਾ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਇਹ ਪ੍ਰਾਜੈਕਟ ਪੰਜਾਬ ਵਿੱਚਹਨ ਅਤੇ ਜ਼ਿਆਦਾ ਮੀਂਹ ਪੈਣ ਉੱਤੇ ਵਾਧੂ ਪਾਣੀ ਛੱਡਣ ਨਾਲ ਹੜ੍ਹਾਂ ਕਾਰਨ ਹੁੰਦੀ ਜਾਨ-ਮਾਲ ਦੀ ਤਬਾਹੀ ਦੀ ਮਾਰ ਵੀ ਪੰਜਾਬ ਨੂੰ ਝੱਲਣੀ ਪੈਂਦੀ ਹੈ।

# ਜੇਲ੍ਹ ਪ੍ਰਸ਼ਾਸਨ ਨੇ ਮਜੀਠੀਆ ਦੀਆਂ ਵਾਧੂ ਮੁਲਾਕਾਤਾਂ ਰੋਕੀਆਂ

* ਤੈਅ ਨਿਯਮਾਂ ਹੇਠ ਹਫਤੇ ’ਚ ਦੋ ਵਾਰ ਹੀ ਮੁਲਾਕਾਤ ਹੋਵੇਗੀ

ਪਟਿਆਲਾ, 6 ਮਾਰਚ (ਪੋਸਟ ਬਿਊਰੋ)- ਕੇਂਦਰੀ ਜੇਲ੍ਹ ਪਟਿਆਲਾ ਵਿੱਚ ਏਥੇ ਪਿਛਲੇਗਿਆਰਾਂ ਦਿਨਾਂ ਤੋਂ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤਾਂ ਬਾਰੇ ਮੀਡੀਆ ਵਿੱਚ ਆਈ ਖਬਰ ਦਾ ਪੰਜਾਬ ਸਰਕਾਰ ਨੇ ਨੋਟਿਸ ਲਿਆ ਅਤੇ ਉਸ ਦੀ ਮੁਲਾਕਾਤ ਜੇਲ੍ਹ ਵਿਚਲੇ ਹੋਰ ਹਵਾਲਾਤੀਆਂ ਵਾਂਗ ਹਫਤੇ ਵਿੱਚ ਦੋ ਵਾਰ ਹੀ ਕਰਵਾਉਣ ਦਾ ਹੁਕਮ ਕੀਤਾ ਹੈ। ਜੇਲ੍ਹ ਨਿਯਮਾਂ ਮੁਤਾ-ਬਕ ਸਜ਼ਾ ਯਾਫਤਾਕੈਦੀ ਦੀ ਇੱਕ ਹਫਤੇ ਵਿੱਚ ਸਿਰਫ ਦਿਨ ਅਤੇ ਹਵਾਲਾਤੀ (ਜਿਸ ਦਾ ਕੇਸ ਅਜੇ ਸੁਣਵਾਈ ਅਧੀਨ ਹੈ) ਦੀ ਹਫਤੇ ਵਿੱਚ ਦੋ ਵਾਰ ਮੁਲਾਕਾਤ ਹੋ ਸਕਦੀ ਹੈ, ਪਰ ਮਜੀਠੀਆ ਨੂੰ ਨਿਯਮਾਂ ਦੇ ਉਲਟ ਤਕਰੀਬਨ ਰੋਜ਼ ਮੁਲਾਕਾਤਾਂ ਕਰਵਾਈਆਂ ਜਾ ਰਹੀਆਂ ਸਨ।

ਮਿਲੀ ਜਾਣਕਾਰੀ ਅਨੁਸਾਰ 24 ਫਰਵਰੀ ਰਾਤ ਪਟਿਆਲਾ ਜੇਲ੍ਹ ਲਿਆਂਦੇ ਗਏ ਮਜੀਠੀਆ ਨਾਲ ਅਗਲੇ ਦਿਨ 25 ਫਰਵਰੀ ਨੂੰ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਤੇ ਕੁਝ ਹੋਰਨਾਂ ਨੇ ਮੁਲਾਕ-ਾਤ ਕੀਤੀ ਅਤੇ 26 ਤੇ 27 ਨੂੰ ਸ਼ਨੀਵਾਰ ਤੇ ਐਤਵਾਰ ਹੋਣ ਕਰ ਕੇ ਮੁਲਾਕਾਤ ਦੀ ਵਿਵਸਥਾ ਨਾ ਹੋਣ ਕਾਰਨ ਕਿਸੇ ਦੀ ਮੁਲਾਕਾਤ ਨਹੀਂ ਹੋਈ। ਫਿਰ 28 ਫਰਵਰੀ ਤੋਂ ਦੋ ਮਾਰਚ ਤਕ ਲਗਾਤਾਰ ਤਿੰਨ ਦਿਨ ਬੀਬੀ ਜਗੀਰ ਕੌਰ, ਸੁਖਬੀਰ ਸਿੰਘ ਬਦਲ, ਹਰਸਿਮਰਤ ਕੌਰ ਬਾਦ-ਲਅਤੇ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਹੋਰ ਅਕਾਲੀ ਆਗੂਆਂ ਨੇ ਮੁਲਾਕਾਤਾਂ ਕੀਤੀਆਂ।ਇਸੇ ਬਾਰੇ ਮੀਡੀਆ ਵੱਲੋਂ ਤਿੰਨ ਮਾਰਚ ਨੂੰ ਖਬਰ ਛਾਪੀ ਗਈ ਸੀ। ਪਟਿਆਲਾ ਜੇਲ੍ਹ ਦੇ ਸੁਪਰਡੈਂਟ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਦੋ ਮਾਰਚ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਦੀ ਕੋਈ ਮੁਲਾਕਾਤ ਨਹੀਂ ਕਰਨ ਦਿੱਤੀ ਗਈ।

# ਕੈਨੇਡਾ ਦੇ ਜਾਅਲੀ ਕਾਗਜ਼ ਦਿਖਾ ਕੇ ਲਾੜੀ ਨੇ 15 ਲੱਖ ਰੁਪਏ ਠੱਗੇ

ਮੋਗਾ, 6 ਮਾਰਚ (ਪੋਸਟ ਬਿਊਰੋ)- ਸਪਾਉਸ ਵੀਜ਼ੇ ਉੱਤੇ ਪਤੀ ਨੂੰ ਬੁਲਾਉਣ ਦੇ ਬਹਾਨੇ ਠੱਗੀ ਬਾਰੇ ਇਸ ਜ਼ਿਲ੍ਹੇ ਵਿੱਚ ਇੱਕ ਸਾਲ ਵਿੱਚ ਚਾਰ ਕੇਸ ਹੋ ਚੁੱਕੇ ਹਨ ਅਤੇ ਇਹੋ ਜਿਹੇ ਕੇਸ ਵਧੀ ਜਾ ਰਹੇ ਹਨ।

ਇਸ ਵਾਰੀ ਫਿਰੋਜ਼ਪੁਰ ਜ਼ਿਲ੍ਹੇ ਨਾਲ ਸਬੰਧਤ ਹਾਂਗਕਾਂਗ ਤੋਂ ਡਿਪੋਰਟ ਹੋਈ ਲੜਕੀ ਨੇ ਕੈਨੇਡਾ ਦੇ ਜਾਅਲੀ ਕਾਗਜ਼ ਬਣਾ ਕੇ ਮੋਗੇ ਦੇ ਤੀਹ ਸਾਲਾ ਨੌਜਵਾਨ ਤੋਂ 15 ਲੱਖ ਰੁਪਏ ਠੱਗਣ ਦਾ ਕੇਸ ਸਾਹਮਣੇ ਆਇਆ ਹੈ। ਕੈਨੇਡਾ ਜਾਣ ਲਈ ਠੱਗ ਲਾੜੀ ਦੀ ਚੁੰਗਲ ਵਿੱਚ ਫਸੇ ਨੌਜਵਾਨ ਨੂੰ ਸੱਚਾਈ ਦਾ ਪਤਾ ਓਦੋਂ ਲੱਗਾ, ਜਦ ਪੇਕੇ ਵਾਰ-ਵਾਰ ਉਸ ਨੂੰ ਲੈਣ ਆਜਾਂਦੇ ਸਨ, ਕਿਉਂਕਿ ਪਹਿਲਾਂ ਚੱਲਦੇ ਕੇਸਾਂ ਦੀ ਤਰੀਕ ਵਿੱਚ ਉਸ ਨੂੰ ਜਾਣਾ ਹੁੰਦਾ ਸੀ।ਪੁਲਸ ਨੇ ਲੰਬੀ ਜਾਂਚ ਅਤੇ ਡੀ ਏ ਲੀਗਲ ਦੀ ਰਾਏ ਲੈਣ ਪਿੱਛੋਂ ਠੱਗ ਲਾੜੀ, ਉਸ ਦੇ ਪਿਤਾ, ਭਰਾ ਤੇ ਵਿਚੋਲਣ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਪੀੜਤ ਨੌਜਵਾਨ ਪ੍ਰੀਤਪਾਲ ਸਿੰਘ ਵਾਸੀ ਬੱਡੂਵਾਲ ਨੇ ਦੱਸਿਆ ਕਿ ਪਿੰਡ ਬੱਡੂਵਾਲ ਦੀ ਪ੍ਰਵੀਨ ਕੌਰ ਨੇ ਸਾਡੇ ਪਰਵਾਰ ਨੂੰ ਹਰਪ੍ਰੀਤ ਕੌਰ ਵਾਸੀ ਕੋਹਾਲਾ (ਫਿਰੋਜ਼ਪੁਰ) ਦੇ ਪਰਵਾਰ ਨਾਲ ਮਿਲਾਇਆ ਤੇ ਕਿਹਾ ਕਿ ਹਰਪ੍ਰੀਤ ਕੌਰ ਕੈਨੇਡਾ ਵਾਸੀ ਹੈ ਅਤੇ ਸਾਨੂੰ ਉਸ ਦੇ ਕਾਗਜਾਤ ਵੀ ਦਿਖਾਏ। ਪ੍ਰਵੀਨ ਕੌਰ ਨੇ ਕਿਹਾ ਕਿ ਹਰਪ੍ਰੀਤ ਕੌਰ ਉਸ ਨੂੰ ਕੈਨੇਡਾ ਲੈ ਜਾਏਗੀ।




# ਦਾਜ ਦੀ ਮੰਗ ਤੋਂ ਪ੍ਰੇਸ਼ਾਨ ਵਿਆਹੁਤਾ ਵੱਲੋਂ ਆਤਮ-ਹੱਤਿਆ

* ਪਤੀ ਤੇ ਸੱਸ-ਸਹੁਰੇ ਖਿਲਾਫ ਕੇਸ ਦਰਜ

ਲੁਧਿਆਣਾ, 6 ਮਾਰਚ (ਪੋਸਟ ਬਿਊਰੋ)- ਇਸ ਮਹਾਨਗਰ ਦੇ ਢਿੱਲੋਂ ਨਗਰ ਦੀ ਵਸਨੀਕ ਇੱਕ ਵਿਆਹੁਤਾ ਨੇ ਦਾਜ ਦੀ ਮੰਗ ਕਾਰਨ ਸਹੁਰਿਆਂ ਤੋਂ ਪ੍ਰੇਸ਼ਾਨ ਹੋ ਕੇ ਫਾਹਾ ਲਗਾ ਕੇ ਖੁਦਕੁਸ਼ੀ ਕਰ ਲਈ।

ਥਾਣਾ ਡਾਬਾ ਦੀ ਪੁਲਸ ਨੇ ਮ੍ਰਿਤਕਾ ਪੂਜਾ (35) ਦੇ ਪਿਤਾ ਧਰਮਪਾਲ ਦੀ ਸ਼ਿਕਾਇਤ ਉੱਤੇ ਉਸ ਦੇ ਪਤੀ ਅਤੇ ਸੱਸ-ਸਹੁਰੇ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਕੇਸ ਦਰਜ ਕੀਤਾ ਹੈ। ਦੋਸ਼ੀ ਪਤੀ ਸੁਰਜੀਤ ਕੁਮਾਰ, ਸਹੁਰਾ ਕਾਲੀਦੀਨ ਅਤੇ ਸੱਸ ਦਰੋਪਦੀ ਦੀ ਭਾਲ ਕੀਤੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਪਟਿਆਲੇ ਦੀ ਰਹਿਣ ਵਾਲੀ ਪੂਜਾ ਦਾ ਵਿਆਹ ਸਾਲ 2020 ਵਿੱਚ ਢਿੱਲੋਂ ਨਗਰ ਦੇ ਸੁਰਜੀਤ ਕੁਮਾਰ ਨਾਲ ਹੋਇਆ ਸੀ। ਸੁਰਜੀਤ ਕੁਮਾਰ ਇਲੈਕਟ੍ਰੀਸ਼ੀਅਨ ਦਾ ਕੰਮ ਕਰਦਾ ਹੈ। ਧਰਮਪਾਲ ਨੇ ਦੱਸਿਆ ਕਿ ਉਸ ਦੀ ਬੇਟੀ ਨਾਲ ਉਸ ਦਾ ਪਤੀ ਤੇ ਸੱਸ-ਸਹੁਰਾ ਮਾਮੂਲੀ ਜਿਹੀ ਗੱਲ ਨੂੰ ਲੈ ਕੇ ਝਗੜਾ ਕਰਦੇ ਅਤੇ ਦਾਜ ਦੀ ਮੰਗ ਕਰਦੇ ਸਨ।ਸ਼ੁੱਕਰਵਾਰ ਸਵੇਰੇ ਬੇਟੀ ਨੇ ਫੋਨ ਕਰ ਕੇ ਦੱਸਿਆ ਕਿ ਉਹ ਤੰਗ ਆ ਚੁੱਕੀ ਹੈ। ਇਸ ਪਿੱਛੋਂ ਦੇਰ ਸ਼ਾਮ ਸੁਰਜੀਤ ਨੇ ਫੋਨ ਕਰ ਕੇ ਦੱਸਿਆ ਕਿ ਪੂਜਾ ਦੀ ਤਬੀਅਤ ਠੀਕ ਨਹੀਂ ਹੈ, ਜਲਦੀ ਲੁਧਿਆਣਾ ਆ ਜਾਓ, ਪਰ ਜਦ ਉਹ ਪਹੁੰਚੇ ਤਾਂ ਪੂਜਾ ਨੇ ਫਾਂਸੀ ਲਾ ਕੇ ਆਤਮਹੱਤਿਆ ਕਰ ਲਈ ਸੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ
Harcharan S. Grover
Chartered Accountant
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
L.L.B., (London UK) Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ ਫੁਲਕਾ



ਇੱਕ ਵਾਰ ਦੋ ਟਰੱਕ ਡਰਾਈਵਰ ਮਿਊਜ਼ੀਅਮ ਦੇਖਣ ਗਏ, ਉੱਥੇ ਹਾਲ ਵਿੱਚ ਇੱਕ ਮਮੀ ਰੱਖੀ ਹੋਈ ਸੀ, ਜਿਸ ਦੇ ਨਾਲ ਬੋਰਡ ਲੱਗਾ ਸੀ, "ਬੀ ਸੀ 176।"
ਇੱਕ ਡਰਾਈਵਰ ਅਫਸੋਸ ਜਾਹਿਰ ਕਰਦੇ ਹੋਏ ਦੂਸਰੇ ਨੂੰ ਬੋਲਿਆ, "ਯਾਰ ਲੱਗਦੈ ਕਿ ਇਹ ਵੀ ਕਿਸੇ ਟਰੱਕ ਦੇ ਹੇਠਾਂ ਆ ਕੇ ਮਰਿਆ ਹੈ।"
ਦੂਸਰਾ ਬੋਲਿਆ, "ਠੀਕ ਕਹਿੰਦੈ ਏਂ ਯਾਰ, ਲੋਕਾਂ ਨੇ ਟਰੱਕ ਦਾ ਨੰਬਰ ਵੀ ਨਾਲ ਲਿਖ ਕੇ ਟੰਗ ਦਿੱਤੈ।"

********

ਅੱਜ ਕੱਲ੍ਹ ਬੇਟੀਆਂ ਵੀ ਬੇਟਿਆਂ ਤੋਂ ਘੱਟ ਨਹੀਂ ਹਨ...
ਮਜਾਲ ਹੈ ਕਿ ਘਰ ਦਾ ਕੋਈ ਕੰਮ ਕਰ ਲੈਣ!!!

********

ਮੇਰੀ ਮਾਂ ਨੇ ਅੱਜ ਡਿਜੀਟਲ ਸਜ਼ਾ ਦਿੱਤੀ।
ਮੇਰੇ ਫੋਨ ਦਾ ਚਾਰਜਰ ਹੀ ਚੁੱਕ ਕੇ ਲੈ ਗਈ।
ਪਤੀ, "ਇੱਕ ਵਿਦਵਾਨ ਨੇ ਕਿਹਾ ਹੈ ਕਿ ਜੋ ਵਿਅਕਤੀ ਜਿੰਨਾ ਜ਼ਿਆਦਾ ਬੇਵਕੂਫ ਹੁੰਦਾ ਹੈ, ਉਸ ਨੂੰ ਓਨੀ ਹੀ ਖ਼ੂਬਸੂਰਤ ਪਤਨੀ ਮਿਲਦੀ ਹੈ।"
ਪਤਨੀ, "ਬੱਸ ਰਹਿਣ ਵੀ ਦਿਓ, ਮੇਰੀ ਪ੍ਰਸ਼ੰਸਾ ਦੇ ਸਿਵਾ ਤੁਹਾਨੂੰ ਕੁਝ ਹੋਰ ਵੀ ਕੰਮ ਹੈ?"

********

ਸਟੇਜ ਤੋਂ ਗੀਤ ਗਾ ਕੇ ਉਤਰੀ ਇੱਕ ਲੜਕੀ ਨੂੰ ਸਰੋਤਾ ਔਰਤ ਬੋਲੀ, "ਕਿੰਨਾ ਸੁੰਦਰ ਗਲ਼ਾ ਹੈ ਤੁਹਾਡਾ।"
ਗਾਇਕਾ ਬੋਲੀ, "ਧੰਨਵਾਦ, ਤੁਹਾਨੂੰ ਮੇਰਾ ਗੀਤ ਪਸੰਦ ਆਇਆ।"
ਔਰਤ ਬੋਲੀ, "ਨਹੀਂ, ਮੈਂ ਤੁਹਾਡੇ ਬਲਾਊਜ ਦੇ ਗਲ਼ੇ ਦੀ ਗੱਲ ਕਰ ਰਹੀ ਸੀ।"

# ਫੈਸਲਾ ਲੈਣਾ ਕਲਾ ਏ ਜਾਂ ਪ੍ਰਕਿਰਿਆ ਹੈ, ਜਾਂ ਇਹ ਜੁਗਤ-ਜੁਗਾੜ ਵੀ ਏ ...

ਹਰੇਕ ਇਨਸਾਨ ਆਪਣੇ ਜੀਵਨ ਵਿਚ ਅਨੇਕਾਂ ਫ਼ੈਸਲੇ ਲੈਂਦਾ ਹੈ ਅਤੇ ਉਸ ਦੀ ਜੀਵਨ ਸ਼ੈਲੀ ਨੂੰ ਅੱਗੇ ਤੋਰਨ ਲਈ ਇਹ ਜ਼ਰੂਰੀ ਵੀ ਹੈ। ਇਹ ਫ਼ੈਸਲੇ ਨਿੱਜੀ ਅਤੇ ਸਮੂਹਿਕ ਦੋਵੇਂ ਤਰ੍ਹਾਂ ਦੇ ਹੁੰਦੇ ਹਨ। ਨਿੱਜੀ ਫ਼ੈਸਲੇ ਮਨੁੱਖ ਵਿਅੱਕਤੀਗ਼ਤ ਰੂਪ ਵਿਚ ਆਪਣੇ ਲਈ ਆਪਣੀ ਬੁੱਧੀ ਤੇ ਬਿਬੇਕ ਅਨੁਸਾਰ ਕਰਦਾ ਹੈ। ਇਸ ਤੋਂ ਅੱਗੇ ਪਰਿਵਾਰਕ ਪੱਧਰ 'ਤੇ ਕੀਤੇ ਜਾਣ ਵਾਲੇ ਫ਼ੈਸਲਿਆਂ ਵਿਚ ਉਹ ਆਪਣੀ ਰਾਇ ਰੱਖਣ ਦੇ ਨਾਲ ਨਾਲ ਪਰਿਵਾਰ ਦੇ ਕਿਸੇ ਹੋਰ ਮੈਂਬਰ ਜਾਂ ਮੈਂਬਰਾਂ ਨਾਲ ਸਲਾਹ-ਮਸ਼ਵਰਾ ਵੀ ਕਰਦਾ ਹੈ। ਪਿੰਡਾਂ ਤੇ ਸ਼ਹਿਰਾਂ ਦੇ ਵਿਕਾਸ ਅਤੇ ਲੋਕ-ਭਲਾਈ ਲਈ ਫ਼ੈਸਲੇ ਸਬੰਧਿਤ ਪੰਚਾਇਤਾਂ, ਨਗਰ ਪੰਚਾਇਤਾਂ, ਮਿਊਂਨਿਸਿਪਲ ਕਮੇਟੀਆਂ ਤੇ ਮਿਊਂਨਿਸਿਪਲ ਕਾਰਪੋਰੇਸ਼ਨਾਂ ਦੁਆਰਾ ਕੀਤੇ ਜਾਂਦੇ ਹਨ। ਇਹ ਫ਼ੈਸਲੇ ਸਮੂਹਿਕ ਹੁੰਦੇ ਹਨ ਜੋ ਇਨ੍ਹਾਂ ਸੰਸਥਾਵਾਂ ਨਾਲ ਸਬੰਧਿਤ ਮੈਂਬਰਾਂ ਵੱਲੋਂ ਸਰਬ-ਸੰਮਤੀ ਜਾਂ ਬਹੁ-ਸੰਮਤੀ ਨਾਲ ਲਏ ਜਾਂਦੇ ਹਨ। ਏਸੇ ਤਰ੍ਹਾਂ ਕਿਸੇ ਧਾਰਮਿਕ, ਸਮਾਜਿਕ ਜਾਂ ਵਿਦਿਅਕ ਸੰਸਥਾ ਜਾਂ ਕਿਸੇ ਵੱਡ-ਆਕਾਰੀ ਬਿਜ਼ਨੈੱਸ ਅਦਾਰੇ ਦੇ ਫ਼ੈਸਲੇ ਵੀ ਉਨ੍ਹਾਂ ਦੀਆਂ ਮੈਨੇਜਮੈਂਟਾਂ ਵੱਲੋਂ ਸਰਬ-ਸੰਮਤੀ ਜਾਂ ਬਹੁ-ਸੰਮਤੀ ਨਾਲ ਲਏ ਜਾਂਦੇ ਹਨ।

ਕਈ ਵਿਅੱਕਤੀ ਆਪਣੇ ਜੀਵਨ ਵਿਚ ਬੜੇ ਸਿਆਣੇ ਤੇ ਸੂਝਵਾਨ ਫ਼ੈਸਲੇ ਲੈਂਦੇ ਹਨ। ਇਸ ਨੂੰ ਉਨ੍ਹਾਂ ਦੀ ਸੁਚਾਰੂ ਸੋਚ ਅਨੁਸਾਰ ਫ਼ੈਸਲੇ ਲੈਣ ਦੀ 'ਕਲਾ' ਕਿਹਾ ਜਾ ਸਕਦਾ ਹੈ। ਪਰ ਅਕਸਰ ਵੇਖਣ ਵਿਚ ਆਉਂਦਾ ਹੈ ਕਿ ਜੀਵਨ ਵਿਚ ਅਸਫ਼ਲ ਰਹਿਣ ਵਾਲੇ ਲੋਕ ਫ਼ੈਸਲੇ ਕੇਵਲ ਵਰਤਮਾਨ ਸਥਿਤੀਆਂ ਨੂੰ ਹੀ ਮੁੱਖ ਰੱਖ ਕੇ ਕਰਦੇ ਹਨ ਅਤੇ ਉਹ ਆਪਣੇ ਭਵਿੱਖ ਦੇ ਬਾਰੇ ਬਹੁਤਾ ਨਹੀਂ ਸੋਚਦੇ, ਜਦਕਿ ਜ਼ਿੰਦਗੀ ਵਿਚ ਸਫ਼ਲ ਹੋਣ ਵਾਲੇ ਲੋਕ ਜੋ ਅੱਗੇ ਜਾ ਕੇ ਭਵਿੱਖ ਵਿਚ ਜੋ ਵੀ ਬਣਨਾ ਲੋਚਦੇ ਹਨ, ਉਸ ਨੂੰ ਆਧਾਰ ਬਣਾ ਕੇ ਫ਼ੈਸਲੇ ਲੈਂਦੇ ਹਨ। ਇਸ ਦੇ ਨਾਲ ਇਹ ਵੀ ਜੱਗ ਜ਼ਾਹਿਰ ਹੈ ਕਿ ਚੰਗੇ ਫ਼ੈਸਲੇ ਲੈਣ ਦੀ ਸੋਝੀ ਜੀਵਨ ਵਿਚ ਹੋਏ 'ਤਜਰਬੇ' ਨਾਲ ਆਉਂਦੀ ਹੈ ਅਤੇ ਇਹ ਤਜਰਬਾ ਆਮ ਤੌਰ 'ਤੇ ਕਈ ਮਾੜੇ ਅਤੇ ਨਾਕਾਮ ਫ਼ੈਸਲਿਆਂ ਤੋਂ ਬਾਅਦ ਹੀ ਹਾਸਲ ਹੁੰਦਾ ਹੈ। ਫ਼ੈਸਲੇ ਲੈਣ ਸਬੰਧੀ ਮਸ਼ਹੂਰ ਲੇਖਕ ਕੈਰੋਲੀਨ ਮਾਇਸ ਦਾ ਕਹਿਣਾ ਹੈ,"ਕੋਈ ਵੀ ਫ਼ੈਸਲਾ ਲੈਣ ਲਈ ਹਮੇਸ਼ਾ ਤੁਸੀਂ ਉਸ ਚੋਣ ਵੱਲ ਜਾਓ ਜਿਸ ਤੋਂ ਤੁਹਾਨੂੰ ਡਰ ਲੱਗਦਾ ਹੈ, ਕਿਉਂਕਿ ਉਹ ਤੁਹਾਨੂੰ ਜੀਵਨ ਵਿਚ ਅੱਗੇ ਵੱਧਣ ਵਿਚ ਵਧੇਰੇ ਸਹਾਈ ਹੋ ਸਕਦੀ ਹੈ।" ਇਸ ਦਾ ਭਾਵ ਹੈ ਕਿ ਮਨੁੱਖ ਨੂੰ ਖ਼ਤਰਿਆਂ ਤੋਂ ਨਹੀਂ ਡਰਨਾ ਚਾਹੀਦਾ ਅਤੇ ਜ਼ਿੰਦਗੀ ਵਿਚ ਆਉਣ ਵਾਲੀਆਂ ਚੁਣੌਤੀਆਂ ਦਾ ਉਸ ਨੂੰ ਹੱਸ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਆਪਣੀ ਚੋਣ ਅਤੇ ਆਪਣੇ ਫੈਸਲਿਆਂ ਲਈ ਅਸੀਂ ਆਪ ਹੀ ਜ਼ਿੰਮੇਵਾਰ ਹਾਂ, ਕੋਈ ਹੋਰ ਨਹੀਂ ਹੈ। ਇਕ ਮਸ਼ਹੂਰ ਚੀਨੀ ਕਹਾਵਤ ਹੈ, "ਸਿਆਣਾ ਮਨੁੱਖ ਆਪਣੇ ਫ਼ੈਸਲੇ ਆਪ ਲੈਂਦਾ ਹੈ ਅਤੇ ਅਣਜਾਣ ਬੰਦੇ ਆਮ ਲੋਕਾਂ ਦੀ ਰਾਇ ਦੇ ਪਿੱਛੇ ਲੱਗਦੇ ਹਨ।"

ਫ਼ੈਸਲੇ ਲੈਣ ਦੇ ਢੰਗ-ਤਰੀਕਿਆਂ ਵੱਲ ਜਾਈਏ ਤਾਂ ਕਾਰਪੋਰੇਟ ਅਤੇ ਹੋਰ ਵੱਡੇ ਬਿਜ਼ਨੈੱਸ ਅਦਾਰਿਆਂ ਵਿਚ ਫ਼ੈਸਲੇ ਦੋ ਤਰ੍ਹਾਂ ਲਏ ਜਾਂਦੇ ਹਨ ਅਤੇ ਫ਼ੈਸਲੇ ਲੈਣ ਲਈ ਉੱਪਰੋਂ ਹੇਠਾਂ ਅਤੇ ਹੇਠੋਂ ਉੱਪਰ ਜਾਣ ਦੀ ਪ੍ਰਕਿਰਿਆ ਅਪਨਾਈ ਜਾਂਦੀ ਹੈ। ਉੱਪਰੋਂ ਹੇਠਾਂ ਦਾ ਭਾਵ ਉੱਪਰਲੀ ਮੈਨੇਜਮੈਂਟ ਵੱਲੋਂ ਲਏ ਜਾਂਦੇ ਫ਼ੈਸਲਿਆਂ ਤੋਂ ਹੈ ਜੋ ਕਿਸੇ ਅਦਾਰੇ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਉੱਪਰ ਲਾਗੂ ਕੀਤੇ ਜਾਂਦੇ ਹਨ ਅਤੇ ਹੇਠੋਂ ਉੱਪਰ ਵਾਲੇ ਫ਼ੈਸਲਿਆਂ ਵਿਚ ਉਹ ਫ਼ੈਸਲੇ ਆਉਂਦੇ ਹਨ ਜੋ ਇਨ੍ਹਾਂ ਅਦਾਰਿਆਂ ਵਿਚ ਟੀਮ-ਲੀਡਰਾਂ ਅਤੇ ਸੁਪਰਵਾਈਜ਼ਰਾਂ ਵੱਲੋਂ ਉਨ੍ਹਾਂ ਹੇਠ ਕੰਮ ਕਰ ਰਹੇ ਵਰਕਰਾਂ ਦੀ ਰਾਇ ਲੈ ਕੇ ਕੀਤੇ ਜਾਂਦੇ ਹਨ। ਸੂਬਾਈ ਸਰਕਾਰਾਂ ਅਤੇ ਕੇਂਦਰ ਸਰਕਾਰਾਂ ਦੇ ਫ਼ੈਸਲੇ ਉਨ੍ਹਾਂ ਦੇ ਸਦਨਾਂ ਵਿਚ ਮੈਂਬਰਾਂ ਵੱਲੋਂ ਪੇਸ਼ ਕੀਤੇ ਗਏ ਸਰਕਾਰੀ ਜਾਂ ਪ੍ਰਾਈਵੇਟ ਬਿੱਲਾਂ ਦੇ ਰੂਪ ਵਿਚ ਆਉਂਦੇ ਹਨ। ਇਨ੍ਹਾਂ ਬਿੱਲਾਂ ਉੱਪਰ ਸਦਨ ਦੇ ਮੈਂਬਰਾਂ ਵਿਚਕਾਰ ਹੋਈ ਬਹਿਸ ਤੋਂ ਬਾਅਦ ਸਪੀਕਰਾਂ ਜਾਂ ਸਭਾਪਤੀਆਂ ਵੱਲੋਂ ਸਾਰੀਆਂ ਰਾਜਸੀ ਪਾਰਟੀਆਂ ਦੇ ਮੈਂਬਰਾਂ ਦੀਆਂ ਵੋਟਾਂ ਪੁਆ ਕੇ ਬਹੁ-ਸੰਮਤੀ ਨਾਲ ਲਏ ਜਾਂਦੇ ਹਨ। ਅਲਬੱਤਾ! ਇਨ੍ਹਾਂ ਸਦਨਾਂ ਵਿਚ ਮੈਂਬਰਾਂ ਤੇ ਮੰਤਰੀਆਂ ਦੀਆਂ ਤਨਖ਼ਾਹਾਂ ਤੇ ਭੱਤੇ ਵਧਾਉਣ ਵਰਗੇ ਫ਼ੈਸਲੇ ਸਰਬ-ਸੰਮਤੀ ਨਾਲ ਵੀ ਹੋ ਜਾਂਦੇ ਹਨ, ਕਿਉਂਕਿ ਇਨ੍ਹਾਂ ਵਿਚ ਉਨ੍ਹਾਂ ਮੈਂਬਰਾਂ ਦਾ ਸਾਂਝਾ ਮੁਫ਼ਾਦ ਅਤੇ ਸਾਂਝੀ ਦਿਲਚਸਪੀ ਹੁੰਦੀ ਹੈ। ਇਸ ਤਰ੍ਹਾਂ ਕਿਸੇ ਮਸਲੇ 'ਤੇ ਕੋਈ ਫ਼ੈਸਲਾ ਲੈਣਾ



-ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

ਵੱਖ-ਵੱਖ ਪੱਧਰਾਂ 'ਤੇ ਨਿਰਭਰ ਕਰਦਾ ਹੈ ਅਤੇ ਫ਼ੈਸਲੇ ਲੈਣ ਦੀ ਇਹ ਪ੍ਰਕਿਰਿਆ ਵੱਖ-ਵੱਖ ਅਦਾਰਿਆਂ ਅਤੇ ਸਥਿਤੀਆਂ ਉੱਪਰ ਨਿਰਭਰ ਕਰਦੀ ਹੈ।

ਫ਼ੈਸਲੇ ਲੈਣਾ ਅਜੋਕੇ ਪ੍ਰਬੰਧਕੀ ਢਾਂਚੇ ਦਾ ਮਹੱਤਵਪੂਰਨ ਅੰਗ ਹੈ। ਵੱਖ-ਵੱਖ ਨਿੱਜੀ, ਸਰਕਾਰੀ ਜਾਂ ਗ਼ੈਰ-ਸਰਕਾਰੀ ਅਦਾਰਿਆਂ ਨੂੰ ਸਫ਼ਲਤਾ ਪੂਰਵਕ ਚਲਾਉਣ ਲਈ ਸਹੀ ਵਕਤ 'ਤੇ ਸਹੀ ਫ਼ੈਸਲੇ ਲੈਣਾ ਜ਼ਰੂਰੀ ਹੈ। ਹੁਣ ਜੇਕਰ ਫ਼ੈਸਲੇ ਲੈਣ ਦੀ ਪ੍ਰਕਿਰਿਆ (ਧਏਚਸਿੋਨਿ ਅਕਨਿਗ) ਦੀ ਪ੍ਰੀਭਾਸ਼ਾ ਦੇ ਬਾਰੇ ਗੱਲ ਕਰੀਏ ਤਾਂ ਸੰਸਾਰ ਪ੍ਰਸਿੱਧ 'ਨੋਰਦ ਓਦਵਅਨਚਏਦ ਏਅਰਨਏਰਸ ਧਚਿਟੋਨਿਅਰੇ' ਅਨੁਸਾਰ "ਇਹ ਕਿਸੇ ਮਸਲੇ ਜਾਂ ਵਿਚਾਰ ਬਾਰੇ ਕਿਸੇ ਨਿਰਣੇ 'ਤੇ ਪਹੁੰਚਣ ਲਈ ਅਪਨਾਇਆ ਗਿਆ ਢੰਗ-ਤਰੀਕਾ ਹੈ ਅਤੇ ਇਹ ਪ੍ਰਕਿਰਿਆ ਆਮ ਤੌਰ 'ਤੇ ਕਿਸੇ ਸੰਸਥਾ ਵਿਚ ਕੰਮ ਕਰ ਰਹੇ ਬਹੁਤੇ ਲੋਕਾਂ ਦੇ ਹਿੱਤ ਵਿਚ ਅਪਨਾਈ ਜਾਂਦੀ ਹੈ।" ਇਸ ਤਰ੍ਹਾਂ ਸੰਸਥਾ ਦੇ ਪੱਧਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਸਬੰਧਿਤ ਸੰਸਥਾ ਦੇ ਪ੍ਰਬੰਧ ਨੂੰ ਠੀਕ ਢੰਗ ਨਾਲ ਚਲਾਉਣ ਲਈ ਪ੍ਰਾਪਤ ਹੋਏ ਦੋ ਜਾਂ ਦੋ ਤੋਂ ਵੱਧ ਸੁਝਾਆਂ ਵਿੱਚੋਂ ਕਿਸੇ ਸਹੀ ਸੁਝਾਅ ਦੀ ਚੋਣ ਕਰਨ ਲਈ ਅਪਨਾਈ ਜਾਣ ਵਾਲੀ ਪ੍ਰਕਿਰਿਆ ਹੈ। ਇਸ ਸਮੁੱਚੀ ਪ੍ਰਕਿਰਿਆ ਵਿਚ ਸੱਭ ਤੋਂ ਪਹਿਲਾਂ ਮਸਲੇ ਨੂੰ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ। ਫਿਰ ਉਸ ਨਾਲ ਸਬੰਧਿਤ ਜਾਣਕਾਰੀ ਅਤੇ ਸਮੱਗਰੀ (ਡਾਟੇ ਦੇ ਰੂਪ ਵਿਚ ) ਇਕੱਤਰ ਕੀਤੀ ਜਾਂਦੀ ਹੈ। ਉਪਰੰਤ, ਉਸ ਸਮੱਸਿਆ ਦੇ ਹੱਲ ਨਾਲ ਜੁੜੀਆਂ ਵੱਖ-ਵੱਖ ਸੰਭਾਵਨਾਵਾਂ ਉੱਪਰ ਵਿਚਾਰ ਕੀਤਾ ਜਾਂਦਾ ਹੈ ਅਤੇ ਸੱਭ ਤੋਂ ਚੰਗੀ ਸੰਭਾਵਨਾ ਨੂੰ ਚੁਣ ਲਿਆ ਜਾਂਦਾ ਹੈ। ਉਸ ਤੋਂ ਬਾਅਦ ਉਸ ਨੂੰ ਅਪਨਾਉਣ ਲਈ ਵਿਉਂਤਬੰਦੀ ਕੀਤੀ ਜਾਂਦੀ ਹੈ ਅਤੇ ਫਿਰ ਉਸ ਨੂੰ ਅਮਲ ਵਿਚ ਲਿਆਂਦਾ ਜਾਂਦਾ ਹੈ। ਇਸ ਦਾ ਅਖ਼ੀਰਲਾ ਪੜਾਅ ਉਸ ਵਿਉਂਤਬੰਦੀ ਉੱਪਰ ਬਾਅਦ ਵਿਚ ਕੀਤਾ ਜਾਣ ਵਾਲਾ ਕਾਰਜ, ਭਾਵ 'ਫ਼ਾਲੋ-ਅੱਪ ਐਕਸ਼ਨ' ਹੁੰਦਾ ਹੈ।

ਇਸ ਪ੍ਰਕਿਰਿਆ ਨਾਲ ਸਬੰਧਿਤ ਪ੍ਰਸਿੱਧ ਪੁਸਤਕ "ਡੀਸਿਸਿਵ: ਹਾਊ ਟੂ ਮੇਕ ਬੈਟਰ ਚਾਇਸਿਜ਼ ਇਨ ਲਾਈਫ਼ ਐਂਡ ਵਰਕ" ਦੇ ਲੇਖਕ ਚਿੱਪ ਹੀਥ ਤੇ ਡੈਨ ਹੀਥ ਕਹਿੰਦੇ ਹਨ ਕਿ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿਚ ਚਾਰ ਪੜਾਅ ਹਨ। ਪਹਿਲੇ ਪੜਾਅ ਵਿਚ ਵੱਖ-ਵੱਖ ਸੁਝਾਅ ਪ੍ਰਾਪਤ ਕੀਤੇ ਜਾਂਦੇ ਹਨ। ਦੂਸਰੇ ਵਿਚ ਉਨ੍ਹਾਂ ਸੁਝਾਆਂ ਦੀਆਂ ਵੱਖ-ਵੱਖ ਸੰਭਾਵਨਾਵਾਂ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ। ਤੀਸਰੇ ਵਿਚ ਉਨ੍ਹਾਂ ਸੰਭਾਵਨਾਵਾਂ ਵਿੱਚੋਂ ਇਕ ਦੀ ਫ਼ੈਸਲੇ ਦੇ ਰੂਪ ਵਿਚ ਚੋਣ ਕਰਨੀ ਹੁੰਦੀ ਹੈ ਅਤੇ ਚੌਥੇ ਵਿਚ ਕੀਤੇ ਹੋਏ ਫ਼ੈਸਲੇ ਨੂੰ ਅਮਲ ਵਿਚ ਲਿਆਉਣਾ ਹੁੰਦਾ ਹੈ।" ਇਨ੍ਹਾਂ ਦੋਹਾਂ ਲੇਖਕਾਂ ਅਨੁਸਾਰ ਫ਼ੈਸਲੇ ਲੈਣ ਦੀ ਇਸ ਪ੍ਰਕਿਰਿਆ ਦੇ ਚਾਰ 'ਦੁਸ਼ਮਣ' ਵੀ ਹਨ। ਪਹਿਲਾ ਦੁਸ਼ਮਣ ਇਹ ਕਿ ਪ੍ਰਾਪਤ ਹੋਏ ਸੁਝਾਅ ਸੀਮਤ ਹੋ ਸਕਦੇ ਹਨ ਅਤੇ ਇਸ ਤਰ੍ਹਾਂ ਕਈ ਅਹਿਮ ਸੰਭਾਵਨਾਵਾਂ ਉਜਾਗਰ ਹੋਣੋਂ ਰਹਿ ਸਕਦੀਆਂ ਹਨ। ਦੂਸਰਾ, ਸੰਭਾਵਨਾਵਾਂ ਦਾ ਵਿਸ਼ਲੇਸ਼ਣ ਕਰਦੇ ਸਮੇਂ ਕਿਸੇ ਵਿਸ਼ੇਸ਼ ਵਿਅੱਕਤੀ ਜਾਂ ਅਦਾਰੇ ਨੂੰ ਨਿੱਜੀ ਲਾਭ ਪਹੁੰਚਾਉਣ ਵਾਲੀ ਸੰਭਾਵਨਾਂ ਉੱਪਰ ਧਿਆਨ ਕੇਂਦ੍ਰਿਤ ਹੋ ਸਕਦਾ ਹੈ। ਤੀਸਰਾ, ਕਈ ਵਾਰ ਸਬੰਧਿਤ ਸੰਸਥਾ ਨੂੰ ਥੋੜ੍ਹੇ ਸਮੇਂ ਲਈ ਲਾਭ ਪਹੁੰਚਾਉਣ ਵਾਲੀ ਸੰਭਾਵਨਾ ਭਾਰੂ ਹੋ ਜਾਂਦੀ ਹੈ ਅਤੇ ਲੰਮੇਂ ਸਮੇਂ ਲਈ ਲਾਭਕਾਰੀ ਸੰਭਾਵਨਾ ਪਿੱਛੇ ਰਹਿ ਜਾਂਦੀ ਹੈ। ਚੌਥਾ ਤੇ ਆਖ਼ਰੀ ਦੁਸ਼ਮਣ ਕਿ ਲਏ ਗਏ ਫ਼ੈਸਲੇ ਨੂੰ ਅਮਲ ਵਿਚ ਲਿਆਂਉਣ ਸਮੇਂ ਅਦਾਰੇ ਦੀ ਮੈਨੇਜਮੈਂਟ ਉਸ ਸਬੰਧੀ ਲੋੜ ਤੋਂ ਵਧੇਰੇ ਸਵੈ-ਵਿਸ਼ਵਾਸੀ (ਓਵਰ-ਕਾਨਫ਼ੀਡੈਂਟ) ਜਾਂ 'ਉਲਾਰੂ' ਹੋ ਕੇ ਉਸ ਨੂੰ ਕਾਹਲੀ ਵਿਚ ਲਾਗੂ ਕਰ ਸਕਦੀ ਹੈ ਜਿਸ ਦੇ ਸਿੱਟੇ ਸ਼ਾਇਦ ਆਸ ਮੁਤਾਬਿਕ ਨਾ ਨਿਕਲਣ। ਇਸ ਦੇ ਹੱਲ ਲਈ ਚਿੱਪ ਜੀਥ ਤੇ ਡੈਨ ਹੀਥ ਫ਼ੈਸਲੇ ਲੈਣ ਸਮੇਂ ਇਕ ਤੋਂ ਵੱਧ ਸੰਭਾਵਨਾਵਾਂ ਨੂੰ ਨਾਲੋ ਨਾਲ ਵਿਚਾਰਨ ਦੀ ਸਲਾਹ ਦਿੰਦੇ ਹਨ ਅਤੇ ਇਹ ਵੀ ਕਹਿੰਦੇ ਹਨ ਕਿ ਅਜਿਹੇ ਸਮੇਂ ਕਿਸੇ ਦੂਸਰੇ ਵਿਅੱਕਤੀ ਨਾਲ ਵੀ ਮਸ਼ਵਰਾ ਕੀਤਾ ਜਾ ਸਕਦਾ ਹੈ ਜੋ ਅਜਿਹੇ ਹਾਲਾਤ ਵਿੱਚੋਂ ਗੁਜ਼ਰਿਆ ਹੋਵੇ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਾਰੋਬਾਰੀ ਅਦਾਰਿਆਂ ਵਿਚ ਬਹੁਤ ਸਾਰੇ ਛੋਟੇ-ਮੋਟੇ ਫ਼ੈਸਲੇ ਸਬੰਧਿਤ ਅਦਾਰਿਆਂ ਜਾਂ ਸੰਸਥਾਵਾਂ ਦੇ ਮੈਨੇਜਰਾਂ ਵੱਲੋਂ ਹੀ ਲੈ ਲਏ ਜਾਂਦੇ ਹਨ ਪਰ ਕਿਸੇ ਸੰਸਥਾ ਦੀ ਪਾਲਿਸੀ ਸਬੰਧੀ ਜਾਂ ਕਈ ਹੋਰ ਵੱਡੇ ਫ਼ੈਸਲੇ ਲੈਣ ਲਈ ਉਸ ਸੰਸਥਾ ਦੇ ਬੋਰਡ ਆਫ਼ ਡਾਇਰੈੱਕਟਰਜ਼ ਜਾਂ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਦੀਆਂ ਵਿਸ਼ੇਸ਼ ਮੀਟਿੰਗਾਂ ਬੁਲਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਵਿਚ ਹੋਈ ਬਹਿਸ ਤੋਂ ਬਾਅਦ ਫ਼ੈਸਲੇ ਕੀਤੇ ਜਾਂਦੇ ਹਨ। ਉਚੇਰੀ ਵਿੱਦਿਆ ਦੀ ਜੇਕਰ ਗੱਲ ਕੀਤੀ ਜਾਏ ਤਾਂ ਕਾਲਜਾਂ ਅਤੇ ਯੂਨੀਵਰਸਿਟੀ ਵਰਗੇ ਉਚੇਰੀ ਸਿੱਖਿਆ ਦੇ ਅਦਾਰਿਆਂ ਵਿਚ ਸਬੰਧਿਤ ਪ੍ਰਿੰਸੀਪਲ ਅਤੇ ਵਾਈਸ-ਚਾਂਸਲਰ ਹੀ ਬਹੁਤ ਸਾਰੇ ਫ਼ੈਸਲੇ ਆਪਣੇ ਪੱਧਰ 'ਤੇ ਹੀ ਕਰ ਲੈਂਦੇ ਹਨ ਪਰ ਇਨ੍ਹਾਂ ਵਿੱਦਿਅਕ-ਅਦਾਰਿਆਂ ਦੀ ਪਾਲਿਸੀ ਸਬੰਧੀ ਵੱਡੇ ਫ਼ੈਸਲੇ ਲੈਣ ਲਈ ਕਾਲਜਾਂ ਦੇ ਪ੍ਰਿੰਸੀਪਲਾਂ ਵੱਲੋਂ ਸਟਾਫ਼-ਮੈਂਬਰਾਂ ਦੀਆਂ ਕਈ ਕਮੇਟੀਆਂ ਬਣਾਈਆਂ ਜਾਂਦੀਆਂ ਹਨ ਅਤੇ ਸਟਾਫ਼ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ। ਪ੍ਰਾਈਵੇਟ ਕਾਲਜਾਂ ਦੀਆਂ ਮੈਨੇਜਮੈਂਟ ਕਮੇਟੀਆਂ ਅਤੇ ਯੂਨੀਵਰਸਿਟੀਆਂ ਦੀਆਂ ਸੈਨੇਟਾਂ ਤੇ ਸਿੰਡੀਕੇਟਾਂ ਹੁੰਦੀਆਂ ਹਨ ਜਿਨ੍ਹਾਂ ਦੇ ਮੈਂਬਰ ਆਪਣੀਆਂ ਮੀਟਿੰਗਾਂ ਵਿਚ ਲੋੜੀਂਦੇ ਫ਼ੈਸਲੇ ਲੈਂਦੇ ਹਨ। ਫ਼ੈਸਲੇ ਲੈਣ ਦੀ ਪ੍ਰਕਿਰਿਆ ਭਾਵੇਂ ਇਹ ਕਿਸੇ ਵੀ ਪੱਧਰ 'ਤੇ ਹੋਵੇ, ਇਸ ਵਿਚ ਫ਼ੈਸਲਿਆਂ ਲਈ ਪ੍ਰਾਪਤ ਹੋਏ ਸੁਝਾਆਂ ਨੂੰ ਵਿਚਾਰਿਆ ਜਾਂਦਾ ਹੈ। ਇਨ੍ਹਾਂ 'ਤੇ ਹੋਣ ਵਾਲੀ ਬਹਿਸ ਦੌਰਾਨ ਵੱਖ-ਵੱਖ ਮੈਂਬਰਾਂ ਵੱਲੋਂ ਉਨ੍ਹਾਂ ਉੱਪਰ ਆਪਣੇ ਵਿਚਾਰ ਪੇਸ਼ ਕੀਤੇ ਜਾਂਦੇ ਹਨ ਅਤੇ ਕਿਸੇ ਇਕ ਨੁਕਤੇ ਉੱਪਰ ਆਏ ਬਹੁ-ਗਿਣਤੀ ਵਿਚਾਰਾਂ ਨੂੰ ਫ਼ੈਸਲੇ ਦਾ ਰੂਪ ਦੇ ਦਿੱਤਾ ਜਾਂਦਾ ਹੈ।

ਨਿੱਜੀ ਅਤੇ ਸਮੂਹਿਕ ਤੌਰ 'ਤੇ ਲਏ ਗਏ ਫ਼ੈਸਲਿਆਂ ਦੇ ਕਈ ਆਪਣੇ ਹੀ ਲਾਭ ਅਤੇ ਨੁਕਸਾਨ ਹਨ। ਇਕੱਲਾ ਮਨੁੱਖ ਕੋਈ ਵੀ ਨਿੱਜੀ ਫ਼ੈਸਲਾ ਬੜੀ ਜਲਦੀ ਲੈ ਲੈਂਦਾ ਹੈ, ਜਦਕਿ ਸਮੂਹਿਕ ਫ਼ੈਸਲੇ ਲੈਣ ਸਮੇਂ ਕਈ ਵਾਰ ਮੈਂਬਰਾਂ ਦੇ ਆਪਸ ਵਿਚ 'ਸਿੰਗ' ਵੀ ਫਸ ਜਾਂਦੇ ਹਨ ਅਤੇ ਫ਼ੈਸਲੇ ਲੈਣ ਵਿਚ ਕਾਫ਼ੀ ਦੇਰ ਲੱਗ ਜਾਂਦੀ ਹੈ। ਨਿੱਜੀ ਤੌਰ 'ਤੇ ਕੀਤੇ ਗਏ ਫ਼ੈਸਲੇ 'ਤੇ ਚੱਲਣ ਲਈ ਸਬੰਧਿਤ ਵਿਅੱਕਤੀ ਪੂਰੀ ਤਰ੍ਹਾਂ ਪਾਬੰਦ ਹੁੰਦਾ ਹੈ ਅਤੇ ਉਹ ਉਸ ਦੇ ਮੁਤਾਬਿਕ ਹੀ ਕੰਮ ਕਰਦਾ ਹੈ ਪਰ ਸਮੂਹਿਕ ਫ਼ੈਸਲੇ ਕਈ ਵਾਰ ਅਮਲ ਵਿਚ ਲਿਆਉਣ ਤੋਂ ਬਹੁਤ ਦੂਰ ਰਹਿ ਜਾਂਦੇ ਹਨ, ਕਿਉਂਕਿ ਸਾਂਝੀ ਜ਼ਿੰਮੇਵਾਰੀ ਨਿਭਾਉਣ ਲਈ ਕੋਈ ਵੀ ਤਿਆਰ ਨਹੀਂ ਹੁੰਦਾ। ਅੰਗਰੇਜ਼ੀ ਵਿਚ ਕਹਾਵਤ ਹੈ,"ਸਾਂਝੀ ਜ਼ਿੰਮੇਵਾਰੀ ਦਾ ਮਤਲਬ ਹੈ ਕਿ ਕਿਸੇ ਦੀ ਵੀ ਜ਼ਿੰਮੇਵਾਰੀ ਨਹੀਂ।" ਨਿੱਜੀ ਫ਼ੈਸਲਿਆਂ ਨਾਲ ਸਮੇਂ, ਧੰਨ ਅਤੇ ਊਰਜਾ ਦੀ ਬੱਚਤ ਹੁੰਦੀ ਹੈ ਜੋ ਸਮੂਹਿਕ ਫ਼ੈਸਲਿਆਂ ਵਿਚ ਆਸਾਨੀ ਨਾਲ ਸੰਭਵ ਨਹੀ ਹੈ। ਇਸ ਦੇ ਨਾਲ ਹੀ ਨਿੱਜੀ ਫ਼ੈਸਲੇ ਕਿਸੇ ਵੀ ਮੁੱਦੇ ਉੱਪਰ ਸਮੂਹਿਕ ਫ਼ੈਸਲਿਆਂ ਨਾਲੋਂ ਵਧੇਰੇ 'ਕੇਂਦ੍ਰਿਤ' ਹੁੰਦੇ ਹਨ। ਪਰ ਦੂਸਰੇ ਪਾਸੇ ਸਮੂਹਿਕ ਫ਼ੈਸਲਿਆਂ ਵਿਚ ਨਿੱਜੀ ਫ਼ੈਸਲਿਆਂ ਵਧੇਰੇ ਜਾਣਕਾਰੀ ਅਤੇ ਰੈਸ਼ਨੇਲ ਹੋਣ ਦੀ ਸੰਭਾਵਨਾ ਹੁੰਦੀ ਹੈ। ਨਿੱਜੀ ਫ਼ੈਸਲੇ ਲੈਣ ਸਮੇਂ ਸਬੰਧਿਤ ਮਨੁੱਖ ਨਿੱਜੀ ਸੋਚ ਸ਼ਕਤੀ ਅਤੇ ਰਾਇ ਦੀ ਹੀ ਵਰਤੋਂ ਕਰਦਾ ਹੈ ਪਰ ਸਮੂਹਿਕ ਫ਼ੈਸਲਿਆਂ ਵਿਚ ਇਹ ਕਈ ਮੈਂਬਰਾਂ ਦੀ ਸਾਂਝੀ ਰਾਇ ਹੁੰਦੀ ਹੈ ਜੋ ਵਧੇਰੇ ਕਾਰਗਰ ਸਾਬਤ ਹੋ ਸਕਦੀ ਹੈ। ਸਮੂਹਿਕ ਫ਼ੈਸਲਿਆਂ ਵਿਚ ਕਈ ਮਨੁੱਖਾਂ ਦਾ ਛੁਪਿਆ ਹੋਇਆ ਟੇਲੈਂਟ ਵਧੀਆ ਫ਼ੈਸਲੇ ਲੈਣ ਵਿਚ ਸਹਾਈ ਹੋ ਸਕਦਾ ਹੈ ਅਤੇ ਇਨ੍ਹਾਂ ਵਿਚ ਕਿਸੇ ਨਿੱਜੀ ਹਿੱਤ ਦੀ ਬਜਾਏ ਸਾਂਝੇ ਹਿੱਤਾਂ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ।

ਨਿੱਜੀ ਅਤੇ ਸਮੂਹਿਕ ਫ਼ੈਸਲੇ ਲੈਣ ਦੀ ਕਲਾ, ਕਿਰਿਆ ਤੇ ਪ੍ਰਕਿਰਿਆ ਤੋਂ ਬਾਅਦ ਹੁਣ ਅਸੀਂ ਫ਼ੈਸਲੇ ਲੈਣ ਦੀ ਜੁਗਤ ਅਤੇ ਜੁਗਾੜ ਵਾਲੇ ਪੱਖ ਵੱਲ ਆਉਂਦੇ ਹਾਂ। ਇਸ ਸਬੰਧੀ 'ਜੁਗਤ' ਦੀ ਗੱਲ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਕਈ ਮਨੁੱਖ ਕੁਦਰਤੀ ਤੌਰ 'ਤੇ ਬੜੇ ਜੁਗਤੀ ਤੇ ਜੁਗਾੜੀ ਹੁੰਦੇ ਹਨ। ਇੱਥੇ 'ਜੁਗਤ' ਤੋਂ ਭਾਵ ਉਨ੍ਹਾਂ ਵਿਅੱਕਤੀਆਂ ਦੇ ਮਨਾਂ ਵਿਚ ਆਉਣ ਵਾਲੀ ਕਿਸੇ ਨਵੀਂ ਸੋਚ ਹੈ ਅਤੇ 'ਜੁਗਾੜ' ਉਸ ਜੁਗਤ ਨੂੰ ਅਮਲ ਵਿਚ ਲਿਆਉਣ ਦੇ ਢੰਗ-ਤਰੀਕੇ ਤੋਂ ਹੈ। ਅਜਿਹੇ ਵਿਅੱਕਤੀ ਬੜੇ ਸਿਆਣੇ ਅਤੇ ਤੀਖਣ ਬੁੱਧੀ ਵਾਲੇ ਹੁੰਦੇ ਹਨ। ਇਸ ਸੰਦਰਭ ਵਿਚ ਮੈਨੂੰ ਮੈਨੂੰ ਪਿਛਲੀ ਸਦੀ ਦੇ ਛੇਵੇਂ ਦਹਾਕੇ, ਭਾਵ 'ਸੱਠਵਿਆਂ' ਵਿਚ ਆਪਣੇ ਪਿੰਡ ਦੇ ਕਈ ਸਾਲ ਰਹੇ ਸਰਪੰਚ ਆਤਮਾ ਸਿੰਘ ਦੀ ਯਾਦ ਆ ਰਹੀ ਹੈ। ਉਹ ਬੜਾ ਹੀ ਘੱਟ ਬੋਲਦੇ ਸਨ ਅਤੇ ਜਦੋਂ ਵੀ ਉਹ ਕੋਈ ਗੱਲ ਕਰਦੇ, ਬੜੀ ਸਿਆਣੀ ਤੇ ਮੁੱਲਵਾਨ ਕਰਦੇ ਸਨ। ਉਸ ਦੇ ਇਸ ਗੁਣ ਨੂੰ ਵੇਖਦਿਆਂ ਹੋਇਆਂ ਪਿੰਡ-ਵਾਸੀਆਂ ਨੇ ਉਨ੍ਹਾਂ ਦੇ ਵੱਲੋਂ 'ਨਾਂਹ-ਨੁੱਕਰ' ਕਰਨ ਦੇ ਬਾਵਜੂਦ ਵੀ ਉਨ੍ਹਾਂ ਨੂੰ ਸਰਬ-ਸੰਮਤੀ ਨਾਲ ਪਿੰਡ ਦਾ ਸਰਪੰਚ ਚੁਣ ਲਿਆ ਅਤੇ ਫਿਰ ਪੰਚਾਇਤ ਦੇ ਬਾਕੀ ਮੈਂਬਰ ਉਨ੍ਹਾਂ ਨੇ ਆਪਣੀ ਮਰਜ਼ੀ ਦੇ ਬਣਾਏ ਜਿਸ 'ਤੇ ਕਿਸੇ ਨੂੰ ਵੀ ਕੋਈ ਉਜਰ ਨਹੀਂ ਸੀ। ਸਰਬ-ਸੰਮਤੀ ਨਾਲ ਚੁਣੀ ਪਿੰਡ ਦੀ ਇਹ ਪੰਚਾਇਤ ਕਈ ਸਾਲ ਚੱਲਦੀ ਰਹੀ ਅਤੇ ਇਸ ਨੇ ਪਿੰਡ ਵਿਚ ਸੁਧਾਰ ਅਤੇ ਲੋਕ-ਭਲਾਈ ਦੇ ਕਈ ਅਹਿਮ ਕੰਮ ਕੀਤੇ। ਪੜ੍ਹਾਈ ਪੱਖੋਂ ਸਰਪੰਚ ਆਤਮਾ ਸਿੰਘ ਕੋਰੇ ਅਨਪੜ੍ਹ ਸਨ ਅਤੇ ਪੰਜਾਬੀ ਵਿਚ ਦਸਤਖ਼ਤ ਕਰਨੇ ਵੀ ਉਨ੍ਹਾਂ ਨੇ ਦਸਵੀਂ ਪੜ੍ਹੇ ਆਪਣੇ ਪੁੱਤਰ ਅਰੂੜ ਸਿੰਘ ਤੋਂ ਸਿੱਖੇ। ਪਰ ਜਿਵੇਂ ਕਹਿੰਦੇ ਹਨ ਕਿ ਸਿਆਣਪ ਨਿਰੀ ਪੜ੍ਹਾਈ ਨਾਲ ਹੀ ਨਹੀਂ ਆਉਂਦੀ, ਇਹ 'ਜਮਾਂਦਰੂ' ਵੀ ਹੋ ਸਕਦੀ ਹੈ ਅਤੇ ਬਾਪੂ ਆਤਮਾ ਸਿੰਘ ਵਿਚ ਵੀ ਇਹ ਸਿਆਣਪ ਬਚਪਨ ਤੋਂ ਹੀ ਮੌਜੂਦ ਸੀ। ਉਦੋਂ ਇਹ ਸੁਣਨ ਵਿਚ ਆਇਆ ਸੀ ਕਿ ਏਸੇ ਸਿਆਣਪ ਅਤੇ ਸਖ਼ਤ ਮਿਹਨਤ ਸਦਕਾ ਹੀ ਉਨ੍ਹਾਂ ਨੇ ਆਪਣੀ ਜੱਦੀ ਜ਼ਮੀਨ ਵਿਚ ਵਾਧਾ ਕਰਕੇ ਇਸ ਨੂੰ ਲੱਗਭੱਗ ਦੁੱਗਣਾ ਕਰ ਲਿਆ ਸੀ। ਪੰਚਾਇਤੀ ਫ਼ੈਸਲੇ ਕਰਨ ਲੱਗਿਆਂ ਉਹ ਗੱਲ ਸ਼ੁਰੂ ਕਰਦਿਆਂ ਹੀ ਆਪਣੀ ਰਾਇ ਦੇ ਦਿੰਦੇ ਸਨ ਅਤੇ ਨਾਲ ਹੀ ਬਾਕੀ ਪੰਚਾਇਤੀ ਮੈਂਬਰਾਂ ਨੂੰ ਇਸ ਦੇ ਬਾਰੇ ਆਪਣੀ ਰਾਇ ਦੇਣ ਲਈ ਕਹਿ ਦਿੰਦੇ ਜਿਸ ਨੂੰ ਉਨ੍ਹਾਂ ਦੇ ਸਾਥੀ ਮੈਂਬਰ ਆਮ ਤੌਰ 'ਤੇ ਮੰਨ ਲੈਂਦੇ ਸਨ ਅਤੇ ਵਿਚ-ਵਿਚ ਕਦੇ ਕੋਈ ਆਪਣੀ ਰਾਇ ਵੀ ਦੇ ਦਿੰਦਾ ਸੀ ਜਿਸ ਉੱਪਰ ਸਾਰਿਆਂ ਵੱਲੋਂ ਵਿਚਾਰ ਕਰ ਲਈ ਜਾਂਦੀ ਸੀ। ਇਸ ਤਰ੍ਹਾਂ ਪੰਚਾਇਤ ਦੇ ਲੱਗਭੱਗ ਸਾਰੇ ਹੀ ਫ਼ੈਸਲੇ ਸਰਬ-ਸੰਮਤੀ ਨਾਲ ਹੋ ਜਾਂਦੇ ਸਨ। ਇਸ ਨੂੰ ਸਰਪੰਚ ਆਤਮਾ ਸਿੰਘ ਦੀ ਹੁਰਾਂ ਦੀ ਸਿਆਣਪ ਭਰੀ ਵਧੀਆ ਸੋਚ ਅਤੇ ਜੁਗਤ ਕਿਹਾ ਜਾ ਸਕਦਾ ਹੈ।


ਇਸ ਦੇ ਨਾਲ ਹੀ ਮੈਨੂੰ ਪੰਜਾਬ ਦੀ ਮਹਾਨ ਬਹੁ-ਪੱਖੀ ਸ਼ਖ਼ਸੀਅਤ ਡਾ. ਮਹਿੰਦਰ ਸਿੰਘ ਰੰਧਾਵਾ ਦੀ ਯਾਦ ਆਉਂਦੀ ਹੈ। ਅੰਗਰੇਜ਼ਾਂ ਦੇ ਜ਼ਮਾਨੇ ਦੇ ਆਈ.ਸੀ.ਐੱਸ ਅਫ਼ਸਰ ਦਿੱਲੀ ਅਤੇ ਪੰਜਾਬ ਦੇ ਡਿਪਟੀ ਕਮਿਸ਼ਨਰ ਤੇ ਕਮਿਸ਼ਨਰ ਦੇ ਉੱਚ-ਅਹੁਦਿਆਂ 'ਤੇ ਕੰਮ ਕਰਨ ਤੋਂ ਬਾਅਦ ਡਾ. ਰੰਧਾਵਾ 1969 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ-ਚਾਂਸਲਰ ਬਣੇ। ਉਹ ਸੈਰ ਦੇ ਬੜੇ ਸ਼ੌਕੀਨ ਸਨ ਅਤੇ ਸ਼ਾਮ ਨੂੰ ਲੰਮੀ ਸੈਰ ਬੜੇ ਨੇਮ ਨਾਲ ਤੇ ਬੜੀ ਤੇਜ਼ ਗਤੀ ਨਾਲ਼ ਕਰਿਆ ਕਰਦੇ ਸਨ। 1971-73 ਦੇ ਸੈਸ਼ਨ ਦੌਰਾਨ ਉੱਥੇ ਐੱਮ.ਐੱਸ.ਸੀ ਕਰਦਿਆਂ ਉਨ੍ਹਾਂ ਨੂੰ ਪੀ.ਜੀ. ਹੋਸਟਲ ਨੰਬਰ 5 ਦੇ ਸਾਹਮਣੇ ਵਾਲੀ ਸੜਕ 'ਤੇ ਖੇਤੀਬਾੜੀ-ਤਜਰਬਿਆਂ ਵਾਲੇ ਖ਼ੇਤਰ ਵੱਲ ਨੂੰ ਜਾਂਦਿਆਂ ਅਸੀਂ ਵਿਦਿਆਰਥੀ ਅਕਸਰ ਹੀ ਵੇਖਿਆ ਕਰਦੇ ਸੀ। ਉਨ੍ਹਾਂ ਦੇ ਨਾਲ ਯੂਨੀਵਰਸਿਟੀ ਦੇ ਕਈ ਡੀਨ, ਡਾਇਰੈੱਕਟਰ ਤੇ ਵਿਭਾਗਾਂ ਦੇ ਮੁਖੀ ਵੀ ਹੁੰਦੇ। ਉਨ੍ਹਾਂ ਵਿੱਚੋਂ ਕਈ ਤਾਂ ਦੌੜ-ਦੌੜ ਕੇ ਡਾ. ਰੰਧਾਵਾ ਸਾਹਿਬ ਨੂੰ ਮਿਲਦੇ। ਇਸ ਸੈਰ ਦੌਰਾਨ ਹੀ ਉਹ ਯੂਨੀਵਰਸਿਟੀ ਦੇ ਵਿਕਾਸ ਲਈ ਕਈ ਸਕੀਮਾਂ ਅਤੇ ਮਨ ਵਿਚ ਆਏ ਕਈ ਵਿਚਾਰ ਉਨ੍ਹਾਂ ਨਾਲ ਸਾਂਝੇ ਕਰਦੇ। ਉਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਰਸਮੀ ਫ਼ੈਸਲੇ ਆਪਣੇ ਦਫ਼ਤਰ ਵਿਚ ਬੁਲਾਈਆਂ ਗਈਆਂ ਕਮੇਟੀਆਂ ਦੀਆਂ ਮੀਟਿੰਗਾਂ ਵਿਚ ਕਰਦੇ। ਫ਼ੈਸਲੇ ਲੈਣ ਦੀ ਉਨ੍ਹਾਂ ਦੀ ਇਹ 'ਜੁਗਤ' ਉਸ ਸਮੇਂ ਬੜੀ ਚਰਚਾ ਵਿਚ ਸੀ। ਯੂਨੀਵਰਸਿਟੀ ਵਿਚ ਬਹੁਤ ਸਾਰੇ ਲੋਕਾਂ ਦਾ ਕਹਿਣਾ ਸੀ ਕਿ ਡਾ. ਰੰਧਾਵਾ ਆਪਣੇ ਬਹੁਤੇ ਫ਼ੈਸਲੇ ਸੈਰ ਦੌਰਾਨ ਹੀ ਲੈਂਦੇ ਹਨ ਅਤੇ ਇਹ ਕੋਈ ਮਾੜੀ ਗੱਲ ਵੀ ਨਹੀਂ ਸੀ, ਸਗੋਂ ਇਸ ਨੂੰ ਇਕ ਵਧੀਆ ਜੁਗਤ ਤੇ ਖ਼ੂਬਸੂਰਤ ਜੁਗਾੜ ਹੀ ਕਿਹਾ ਜਾ ਸਕਦਾ ਹੈ।

'ਜੁਗਤ ਅਤੇ ਜੁਗਾੜ' ਦੀ ਇਹ ਵਿਧੀ ਬਹੁਤ ਸਾਰੀਆਂ ਉੱਚ-ਪੱਧਰੀ ਮੀਟਿੰਗਾਂ ਵਿਚ ਅਪਨਾਈ ਜਾਂਦੀ ਹੈ। ਯੂਨੀਵਰਸਿਟੀਆਂ ਦੀਆਂ ਸੈਨੇਟ ਤੇ ਸਿੰਡੀਕੇਟ ਮੀਟਿੰਗਾਂ ਵਿਚ ਇਨ੍ਹਾਂ ਦੇ ਏਜੰਡੇ ਮੈਂਬਰਾਂ ਨੂੰ ਭੇਜਣ ਤੋਂ ਬਾਅਦ ਵਾਈਸ-ਚਾਂਸਲਰ ਸਾਹਿਬਾਨ ਵੱਲੋਂ ਆਮ ਤੌਰ 'ਤੇ ਇਕ ਜਾਂ ਦੋ ਦਿਨ ਪਹਿਲਾਂ ਕੈਂਪਸ ਵਿਚਲੇ ਮੈਂਬਰਾਂ (ਡੀਨ, ਡਾਇਰੈੱਕਟਰ, ਵਿਭਾਗੀ ਮੁਖੀ ਆਦਿ) ਦੀਆਂ 'ਪ੍ਰੀ-ਸੈਨੇਟ' ਤੇ 'ਪ੍ਰੀ-ਸਿੰਡੀਕੇਟ ਮੀਟਿੰਗਾਂ' ਰੱਖੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਿਚ ਉਨ੍ਹਾਂ ਨੂੰ ਸਬੰਧਿਤ ਫ਼ੈਸਲੇ ਲੈਣ ਬਾਰੇ ਦੱਸ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਇਹ ਮੈਂਬਰ ਤਾਂ ਮੀਟਿੰਗਾਂ ਵਿਚ ਲਏ ਜਾਣ ਵਾਲੇ ਫ਼ੈਸਲਿਆਂ ਤੋਂ ਪਹਿਲਾਂ ਹੀ ਉਨ੍ਹਾਂ ਦੇ ਹੱਕ ਵਿਚ ਹੋ ਜਾਂਦੇ ਹਨ ਅਤੇ ਕੈਂਪਸ ਤੋਂ ਬਾਹਰਲੇ ਮੈਂਬਰ ਵੀ ਇਨ੍ਹਾਂ ਫ਼ੈਸਲਿਆਂ ਦੇ ਉਲਟ ਨਹੀਂ ਜਾਂਦੇ। ਵੈਸੇ ਵੀ ਕਿਸੇ ਡੀਨ, ਡਾਇਰੈੱਕਟਰ ਜਾਂ ਵਿਭਾਗੀ ਮੁਖੀ ਦੀ ਵਾਈਸ-ਚਾਂਸਲਰ ਦੀ ਰਾਇ ਤੋਂ ਲਾਂਭੇ ਜਾਣ ਦੀ ਥੋੜ੍ਹੀ ਕੀਤਿਆਂ ਜੁਅਰਤ ਨਹੀਂ ਹੁੰਦੀ ਅਤੇ ਬਾਕੀ ਮੈਂਬਰ ਵੀ ਆਮ ਤੌਰ 'ਤੇ ਇਨ੍ਹਾਂ ਫ਼ੈਸਲਿਆਂ ਦੇ ਹੱਕ ਵਿਚ ਹੀ ਭੁਗਤਦੇ ਹਨ। ਇਸ ਤਰ੍ਹਾਂ ਇਹ ਫ਼ੈਸਲੇ ਬੜੇ ਆਰਾਮ ਨਾਲ 'ਸਰਬ-ਸੰਮਤੀ' ਨਾਲ ਹੋ ਜਾਂਦੇ ਹਨ। ਵੱਡੀਆਂ-ਵੱਡੀਆਂ ਕੰਪਨੀਆਂ ਦੇ ਸੀ.ਈ.ਓ. ਅਤੇ ਮੈਨੇਜਿੰਗ ਡਾਇਰੈੱਕਟਰ ਵੀ ਸਾਰੇ ਏਹੀ ਜੁਗਤ ਅਤੇ ਜੁਗਾੜ ਲਗਾਉਂਦੇ ਹਨ ਅਤੇ ਸਾਡੇ ਵਰਗੇ ਬਾਹਰ ਬੈਠਿਆਂ ਨੂੰ ਸਾਰਾ ਕੰਮ ਬੜੇ ਵਧੀਆਂ ਢੰਗ ਨਾਲ ਚੱਲ ਰਿਹਾ ਪ੍ਰਤੀਤ ਹੁੰਦਾ ਹੈ, ਉਂਜ ਅੰਦਰ ਭਾਵੇਂ ਜਿੰਨੀ ਮਰਜ਼ੀ ਕੜ੍ਹੀ ਘੁਲਦੀ ਹੋਵੇ। ਇਹ ਸਾਰੇ ਕਾਰਜ ਇਸ ਜੁਗਾੜ ਸਦਕਾ ਹੀ 'ਨਿਰਵਿਘਨ ਸੰਪੰਨ' ਹੁੰਦੇ ਹਨ ਅਤੇ ਅਜਿਹੇ ਜੁਗਤੀ ਇਨਸਾਨ ਇਸ ਜੁਗਾੜ ਦੀ ਖ਼ੂਬ ਵਰਤੋਂ ਕਰਦੇ ਹਨ। ਏਸੇ ਤਰ੍ਹਾਂ ਬਹੁਤ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਸਮਾਜਿਕ ਤੇ ਧਾਰਮਿਕ ਕਮੇਟੀਆਂ ਦੀਆਂ ਆਪਣੀਆਂ ਅੰਦਰੂਨੀ 'ਕੋਰ-ਕਮੇਟੀਆਂ' ਹੁੰਦੀਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਦੇ ਪ੍ਰਧਾਨਾਂ ਤੇ ਸਕੱਤਰਾਂ ਦੇ ਆਪਣੇ 'ਚਹੇਤੇ' ਹੀ ਸ਼ਾਮਲ ਹੁੰਦੇ ਹਨ। ਕਾਰਜਕਾਰਨੀਆਂ ਦੀਆਂ ਵੱਡੀਆਂ ਮੀਟਿੰਗਾਂ ਵਿਚ ਲਏ ਜਾਣ ਵਾਲੇ ਵੱਡੇ ਫ਼ੈਸਲਿਆਂ ਨੂੰ ਸਿਰੇ ਚੜ੍ਹਾਉਣ ਵਿਚ 'ਕੋਰ-ਕਮੇਟੀਆਂ' ਦੇ ਇਹ ਮੈਂਬਰ ਉਨ੍ਹਾਂ ਦੀ ਪੂਰੀ ਸਹਾਇਤਾ ਕਰਦੇ ਹਨ। ਕੇਂਦਰ ਤੇ ਰਾਜ ਸਰਕਾਰਾਂ ਦੀਆਂ ਕੈਬਨੈੱਟ-ਮੀਟਿੰਗਾਂ ਵਿਚ ਲਏ ਜਾਣ ਵਾਲੇ ਫ਼ੈਸਲਿਆਂ ਨਾਲ ਸਬੰਧਿਤ ਮਸਲੇ ਵੀ ਪਹਿਲਾਂ ਇਨ੍ਹਾਂ ਦੀਆਂ 'ਕਿੱਚਨ-ਕੈਬਨਿਟਾਂ' ਵਿਚ ਵਿਚਾਰੇ ਜਾਂਦੇ ਹਨ ਜਿਨ੍ਹਾਂ ਵਿਚ ਇਨ੍ਹਾਂ ਸਰਕਾਰਾਂ ਦੇ 'ਅਤੀ-ਨੇੜਲੇ' ਤਿੰਨ-ਚਾਰ ਮੰਤਰੀ ਹੀ ਸ਼ਾਮਲ ਹੁੰਦੇ ਹਨ। ਬੱਸ ਜੀ, ਹਰ ਪਾਸੇ ਇਹ 'ਜੁਗਾੜ' ਇੰਜ ਹੀ ਚੱਲਦਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਫ਼ੈਸਲੇ ਲੈਣਾ ਇਕ 'ਕਲਾ' ਹੈ, ਇਹ 'ਪ੍ਰਕਿਰਿਆ' ਵੀ ਹੈ ਅਤੇ 'ਜੁਗਤ' ਤੇ 'ਜੁਗਾੜ' ਵੀ ਹੈ। ਸਿਆਣੇ ਅਤੇ ਜੁਗਤੀ ਮਨੁੱਖ ਕਈ ਜੁਗਾੜ ਲਾ ਕੇ ਆਪਣੇ ਕਾਰਜ ਨਿਰਵਿਘਨ ਸਿਰੇ ਚੜ੍ਹਾਉਂਦੇ ਹਨ ਅਤੇ ਆਪਣੀ ਕਾਰਗੁਜ਼ਾਰੀ ਦਾ ਬਾਖ਼ੂਬੀ ਮੁਜ਼ਾਹਿਰਾ ਕਰਦੇ ਹਨ। ਨਿੱਜੀ ਅਤੇ ਸਮੂਹਿਕ ਫ਼ੈਸਲਿਆਂ ਦੇ ਆਪਣੇ ਹੀ ਲਾਭ ਅਤੇ ਹਾਨੀਆਂ ਹਨ। ਨਿੱਜੀ ਫ਼ੈਸਲੇ ਜਿੱਥੇ ਬੜੀ ਜਲਦੀ ਅਤੇ ਆਰਾਮ ਨਾਲ ਲਏ ਜਾ ਸਕਦੇ ਹਨ, ਉੱਥੇ ਸਮੂਹਿਕ ਫ਼ੈਸਲੇ ਲੈਣ ਵਿਚ ਕਈ ਵਾਰ ਕਾਫ਼ੀ ਦੇਰੀ ਲੱਗ ਜਾਂਦੀ ਹੈ ਅਤੇ ਇਨ੍ਹਾਂ ਨੂੰ ਲਾਗੂ ਕਰਨ ਵਿਚ ਵੀ ਕਈ ਦਿੱਕਤਾਂ ਵੀ ਆ ਸਕਦੀਆਂ, ਜਦ ਕਿ ਨਿੱਜੀ ਫ਼ੈਸਲੇ ਸਬੰਧਿਤ ਵਿਅੱਕਤੀ ਨੇ ਖ਼ੁਦ ਆਪ ਹੀ ਆਪਣੇ ਉੱਪਰ ਲਾਗੂ ਕਰਨੇ ਹੁੰਦੇ ਹਨ ਅਤੇ ਇਨ੍ਹਾਂ ਨੂੰ ਲਾਗੂ ਕਰਨ ਵਿਚ ਉਸ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪੈਂਦਾ।


## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਰੂਸ-ਯੂਕਰੇਨ ਜੰਗ ਦੌਰਾਨ ਮੁੱਦਾ ਭਾਰਤ ਦੀ ਗੁੱਟ ਨਿਰਪੱਖਤਾ ਦਾ





ਜਤਿੰਦਰ ਪੰਨੂ

ਰੂਸ ਦੇ ਕੋਲ ਚੋਖੇ ਠੋਸ ਕਈ ਬਹਾਨੇ ਹੋਣ ਦੇ ਬਾਵਜੂਦ ਯੂਕਰੇਨ ਉੱਤੇ ਉਸ ਦੇ ਹਮਲੇ ਨੂੰ ਜਾਇਜ਼ ਮੰਨਣ ਲਈ ਮੈਂ ਮਾਨਸਿਕ ਤੌਰ ਉੱਤੇ ਤਿਆਰ ਨਹੀਂ ਹੋ ਸਕਿਆ। ਉਸ ਨੂੰ ਹਮਲਾ ਨਹੀਂ ਸੀ ਕਰਨਾ ਚਾਹੀਦਾ। ਇਸ ਤੋਂ ਉਲਟ ਜਿਹੜੀ ਗੱਲ ਮੈਨੂੰ ਚੁਭ ਰਹੀ ਹੈ, ਉਹ ਇਹ ਕਿ ਜਦੋਂ ਅਮਰੀਕਾ ਨੇ ਬਿਨਾਂ ਯੋਗ ਕਾਰਨਾਂ ਤੋਂ ਕਈ ਦੇਸ਼ਾਂ ਵਿਰੁੱਧ ਏਹੀ ਹਮਲਾਵਰੀ ਕੀਤੀ ਸੀ ਤਾਂ ਰੂਸ ਨੂੰ ਸੰਸਾਰ ਦੀ ਸੱਥ ਵਿੱਚ ਓਸੇ ਤਰ੍ਹਾਂ ਉਸ ਦਾ ਵਿਰੋਧ ਕਰਨ ਦੀ ਲੋੜ ਸੀ, ਜਿਵੇਂ ਅੱਜ ਅਮਰੀਕਾ ਅਤੇ ਉਸ ਦੇ ਹਮਾਇਤੀ ਦੇਸ਼ ਰੂਸ ਦੇ ਖਿਲਾਫ ਕਰੀ ਜਾ ਰਹੇ ਹਨ। ਦੂਸਰੀ ਸੰਸਾਰ ਜੰਗ ਲੱਗਣ ਤਕ ਪਹਿਲੀ ਸੰਸਾਰ ਜੰਗ ਨੂੰ 'ਪਹਿਲੀ' ਕਹਿਣ ਦੀ ਥਾਂ ਸਿਰਫ 'ਸੰਸਾਰ ਜੰਗ' ਆਖਿਆ ਜਾਂਦਾ ਸੀ, ਕਿਉਂਕਿ ਪਤਾ ਨਹੀਂ ਸੀ ਕਿ ਦੂਸਰੀ ਸੰਸਾਰ ਜੰਗ ਲੱਗਣ ਦੀ ਨੌਬਤ ਵੀ ਆ ਜਾਣੀ ਹੈ। ਕਿਸੇ ਹੋਰ ਵੱਡੀ ਜੰਗ ਨੂੰ ਰੋਕਣ ਲਈ ਓਦੋਂ ਲੀਗ ਆਫ ਨੇਸ਼ਨਜ਼ ਬਣਾਈ ਗਈ ਸੀ, ਜਿਸ ਤੋਂ ਜਿਹੜੀ ਆਸ ਸੀ, ਉਹ ਪੂਰੀ ਨਾ ਹੋਈ ਤਾਂ ਦੂਸਰੀ ਸੰਸਾਰ ਜੰਗ ਲੱਗ ਜਾਣ ਪਿੱਛੋਂ ਉਹ ਲੀਗ ਬੇਲੋੜੀ ਮੰਨ ਕੇ ਉਸ ਨੂੰ ਤੋੜਨਾ ਪਿਆ ਸੀ। ਉਸ ਦੇ ਬਾਅਦ ਯੁਨਾਈਟਿਡ ਨੇਸ਼ਨਜ਼ ਆਰਗੇਨਾਈਜ਼ੇਸ਼ਨ (ਯੂ ਐੱਨ ਓ) ਬਣਨ ਦਾ ਸਬੱਬ ਇਸ ਲਈ ਬਣਿਆ ਸੀ ਕਿ ਜਿਹੜਾ ਕੰਮ ਪਹਿਲੀ ਲੀਗ ਆਫ ਨੇਸ਼ਨਜ਼ ਨਹੀਂ ਸੀ ਕਰ ਸਕੀ, ਅਗਲੀ ਕਿਸੇ ਵੀ ਹੋਰ ਜੰਗ ਨੂੰ ਰੋਕਣ ਦਾ ਉਹੋ ਕੰਮ ਯੂ ਐੱਨ ਓ ਕਰੇਗੀ। ਸਮੇਂ ਨੇ ਸਾਬਤ ਕੀਤਾ ਕਿ ਇਹ ਵੀ ਸਿਰਫ ਗੱਪ-ਸ਼ੱਪ ਦਾ ਸੰਸਾਰ ਪੱਧਰ ਦਾ ਅੱਡਾ ਹੀ ਸਾਬਤ ਹੋਈ ਹੈ, ਜ਼ੋਰਾਵਰੀ ਕਰਦੀ ਕਿਸੇ ਧਿਰ ਦੀ ਹਮਲਾਵਰੀ ਰੋਕਣ ਜੋਗੀ ਨਹੀਂ ਨਿਕਲੀ।

ਅਸੀਂ 'ਜ਼ੋਰਾਵਰ ਦਾ ਸੱਤੀਂ ਵੀਹੀਂ ਸੌ' ਦਾ ਮੁਹਾਵਰਾ ਸੁਣਿਆ ਹੋਇਆ ਹੈ। ਅਮਰੀਕਾ ਦੀਆਂ ਸਰਕਾਰਾਂ ਇਤਹਾਸ ਨੂੰ ਮਰਜ਼ੀ ਮੁਤਾਬਕ ਘੁਮਾਉਣ ਦੇ ਯਤਨ ਵਿੱਚ ਯੂ ਐੱਨ ਓ ਨੂੰ ਟਿੱਚ ਜਾਣਦੀਆਂ ਰਹੀਆਂ ਹਨ। ਉਨ੍ਹਾਂ ਦੇ ਖਿਲਾਫ ਜਿਹੜੇ ਵੀ ਮੋੜ ਉੱਤੇ ਕਦੇ ਕਿਸੇ ਕੇਸ ਵਿੱਚ ਯੂ ਐੱਨ ਓ ਦੀ ਕਿਸੇ ਵੀ ਸੰਸਥਾ ਨੇ ਕੋਈ ਫੈਸਲਾ ਉਨ੍ਹਾਂ ਦੀ ਮਰਜ਼ੀ ਦਾ ਨਹੀਂ ਸੀ ਦਿੱਤਾ, ਉਸ ਫੈਸਲੇ ਪਿੱਛੋਂ ਅਮਰੀਕੀ ਹਾਕਮਾਂ ਨੇ ਯੂ ਐੱਨ ਓ ਦੇ ਖਿਲਾਫ ਰੱਜਵੀਂ ਕੌੜ ਕੱਢੀ ਸੀ। ਅਮਰੀਕਾ ਦਾ ਪਿਛਲਾ ਰਾਸ਼ਟਰਪਤੀ ਡੋਨਾਲਡ ਟਰੰਪ ਤਾਂ ਇਸ ਸੰਸਥਾ ਦੇ ਕਈ ਅੰਗਾਂ ਦੀ ਮੈਂਬਰੀ ਤੱਕ ਛੱਡਣ ਤੁਰ ਪਿਆ ਸੀ ਅਤੇ ਸਮੁੱਚੀ ਯੂ ਐੱਨ ਨੂੰ ਛੱਡਣ ਦੀਆਂ ਗੱਲਾਂ ਵੀ ਉਸ ਦੇ ਵਕਤ ਅਮਰੀਕਾ ਵਿੱਚ ਸ਼ੁਰੂ ਹੋ ਗਈਆਂ ਸਨ। ਰੂਸ ਨੇ ਵੀ ਕਈ ਮੌਕਿਆਂ ਉੱਤੇ ਯੂ ਐੱਨ ਓ ਨੂੰ ਟਿੱਚ ਜਾਣਿਆ ਅਤੇ ਚੀਨ ਨੇ ਵੀ ਕਈ ਵਾਰੀ ਇਸ ਤਰ੍ਹਾਂ ਕੀਤਾ ਹੋਇਆ ਹੈ। ਇਸ ਵਿੱਚ ਖਾਸ ਗੱਲ ਇਹ ਹੈ ਕਿ ਯੂ ਐੱਨ ਓ ਨੂੰ ਟਿੱਚ ਜਾਣਨ ਦੀ ਜੁਰਅੱਤ ਕੋਈ ਛੋਟਾ ਦੇਸ਼ ਨਹੀਂ ਕਰਦਾ, ਆਮ ਕਰ ਕੇ ਵੀਟੋ ਤਾਕਤ ਵਾਲੇ ਪੰਜ ਦੇਸ਼ਾਂ ਵਿੱਚੋਂ ਹੀ ਕੋਈ ਕਰਦਾ ਹੈ, ਜਿਨ੍ਹਾਂ ਨੂੰ ਇਸ ਸੰਸਥਾ ਦਾ ਵੱਕਾਰ ਵਧਾਉਣ ਲਈ ਸੰਸਾਰ ਦੀ ਅਗਵਾਈ ਕਰਨੀ ਅਤੇ ਸੰਸਾਰ ਅਮਨ ਕਾਇਮ ਰਹਿਣਾ ਯਕੀਨੀ ਕਰਨ ਲਈ ਹਰ ਕਿਸਮ ਦੀ ਪਹਿਲ-ਕਦਮੀ ਕਰਨੀ ਚਾਹੀਦੀ ਹੈ।

ਰੂਸ ਨੇ ਤਾਜ਼ਾ ਹਮਲਾ ਇਸ ਦਲੀਲ ਨਾਲ ਕੀਤਾ ਹੈ ਕਿ ਯੂਕਰੇਨ ਨੂੰ ਨਾਟੋ ਦੇ ਅਮਰੀਕੀ ਅਗਵਾਈ ਹੇਠਲੇ ਫੌਜੀ ਗੱਠਜੋੜ ਵਿੱਚ ਮਿਲਾ ਕੇ ਉਸ ਦੀ ਧਰਤੀ ਉੱਤੋਂ ਰੂਸ ਵੱਲ ਸੇਧ ਕੇ ਭਵਿੱਖ ਵਿੱਚ ਐਟਮੀ ਮਿਜ਼ਾਈਲਾਂ ਬੀੜੀਆਂ ਜਾਣ ਦਾ ਸ਼ੱਕ ਹੈ। ਉਸ ਦਾ ਇਹ ਸ਼ੱਕ ਬਾਕੀ ਦੇਸ਼ਾਂ ਅਤੇ ਖਾਸ ਕਰ ਕੇ ਨਾਟੋ ਗੱਠਜੋੜ ਨੂੰ ਦੂਰ ਕਰਨਾ ਚਾਹੀਦਾ ਅਤੇ ਇਸ ਮਾਮਲੇ ਵਿੱਚ ਇਹ ਯਕੀਨ ਦਿਵਾਉਣਾ ਚਾਹੀਦਾ ਸੀ ਕਿ ਓਥੇ ਏਦਾਂ ਦਾ ਕੁਝ ਨਹੀਂ ਹੋਵੇਗਾ। ਉਨ੍ਹਾਂ ਨੇ ਇਸ ਦੀ ਲੋੜ ਨਹੀਂ ਸਮਝੀ, ਸਗੋਂ ਯੂਕਰੇਨ ਨੂੰ ਇਹ ਕਹਿ ਕੇ ਉਕਸਾਈ ਗਏ ਸਨ ਕਿ ਉਸ ਨੂੰ ਡਰਨ ਦੀ ਲੋੜ ਨਹੀਂ, ਸਾਰੇ ਨਾਟੋ ਦੇਸ਼ ਉਸ ਦੀ ਪਿੱਠ ਉੱਤੇ ਆਉਣ ਨੂੰ ਤਿਆਰ ਹਨ। ਜਦੋਂ ਯੂਕਰੇਨ ਉੱਤੇ ਰੂਸ ਨੇ ਹਮਲਾ ਕੀਤਾ ਤਾਂ ਇਨ੍ਹਾਂ ਦੇਸ਼ਾਂ ਵਿੱਚੋਂ ਕੋਈ ਯੂਕਰੇਨ ਵਿੱਚ ਲੜਨ ਨਹੀਂ ਆਇਆ, ਅਤੇ ਇਸ ਤਰ੍ਹਾਂ ਚੰਗਾ ਹੀ ਹੋਇਆ ਹੈ, ਵਰਨਾ ਗੱਲ ਹੋਰ ਵਧਣ ਦਾ ਡਰ ਸੀ, ਪਰ ਜਿਨ੍ਹਾਂ ਨੇ ਉਸ ਛੋਟੇ ਜਿਹੇ ਦੇਸ਼ ਨੂੰ ਆਪਣੇ ਗਵਾਂਢ ਵਿੱਚ ਖੜੋਤੀ ਇੱਕ ਵੱਡੀ ਤਾਕਤ ਨਾਲ ਲੜਨ ਨੂੰ ਉਕਸਾਇਆ ਸੀ ਤੇ ਇਹ ਹਾਲਾਤ ਬਣਾਏ ਸਨ, ਉਹ ਆਪਣੀ ਗਲਤੀ ਕਦੇ ਨਹੀਂ ਮੰਨਣਗੇ। ਇਸ ਦੀ ਥਾਂ ਉਹ ਯੂ ਐੱਨ ਓ ਨੂੰ ਵਰਤਣ ਤੇ ਰੂਸ ਨੂੰ ਕਟਹਿਰੇ ਵਿੱਚ ਖੜੇ ਕਰਨ ਲਈ ਤਾਣ ਲਾ ਰਹੇ ਹਨ, ਜਿਸ ਵਿੱਚ ਅਮਰੀਕੀ ਦਬਾਅ ਹੇਠਲੇ ਸੰਸਾਰ ਦੇ ਦੇਸ਼ ਉਨ੍ਹਾਂ ਨਾਲ ਖੜੇ ਵੀ ਹੋ ਗਏ, ਪਰ ਸੰਸਾਰ ਦੇ ਸਾਰੇ ਦੇਸ਼ ਇਸ ਨਾਲ ਸਹਿਮਤ ਨਹੀਂ ਹੋ ਸਕੇ। ਰੂਸ ਦੇ ਖਿਲਾਫ ਮਤੇ ਪੇਸ਼ ਹੋਏ ਤਾਂ ਭਾਰਤ ਨੇ ਹਮਾਇਤ ਜਾਂ ਵਿਰੋਧ ਕਰਨ ਦੀ ਥਾਂ ਵੋਟਿੰਗ ਤੋਂ ਲਾਂਭੇ ਰਹਿਣ ਦਾ ਪੈਂਤੜਾ ਮੱਲ ਲਿਆ, ਜਿਸ ਨਾਲ ਅਮਰੀਕਾ ਦੇ ਕਈ ਭਗਤ ਨਾਰਾਜ਼ ਹੋ ਗਏ, ਪਰ ਉਹ ਇਹ ਨਹੀਂ ਵੇਖ ਸਕੇ ਕਿ ਜਿਸ ਪਾਕਿਸਤਾਨ ਖਾਤਰ ਅਮਰੀਕਾ ਬਹੁਤ ਵਾਰੀ ਭਾਰਤ ਦੇ ਖਿਲਾਫ ਯੂ ਐੱਨ ਓ ਵਿੱਚ ਖੜੋਂਦਾ ਰਿਹਾ ਸੀ, ਉਹ ਪਾਕਿਸਤਾਨ ਵੀ ਉਸ ਨਾਲ ਖੜਾ ਨਹੀਂ ਹੋਇਆ। ਇਸ ਸੰਬੰਧ ਵਿੱਚ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਡੋਨਾਲਡ ਟਰੰਪ ਦੇ ਵਕਤ ਅਮਰੀਕਾ ਅਤੇ ਪਾਕਿਸਤਾਨ ਦੇ ਸੰਬੰਧ ਕੁਝ ਖਰਾਬ ਹੋ ਗਏ ਸਨ, ਪਰ ਇਹ ਗੱਲ ਭੁਲਾ ਦਿੱਤੀ ਜਾਂਦੀ ਹੈ ਕਿ ਅਫਗਾਨਿਸਤਾਨ ਵਿੱਚ ਆਪਣੀਆਂ ਲੋੜਾਂ ਲਈ ਅਮਰੀਕੀ ਫੌਜ ਨੂੰ ਅੱਜ ਵੀ ਪਾਕਿਸਤਾਨ ਆਪਣੀਆਂ ਸਾਰੀਆਂ ਫੌਜੀ ਸਹੂਲਤਾਂ ਦੇਈ ਜਾਂਦਾ ਹੈ। ਅਮਰੀਕੀ ਬਲਾਕ ਵੱਲੋਂ ਰੂਸ ਵਿਰੁੱਧ ਪੇਸ਼ ਕੀਤੇ ਮਤਿਆਂ ਵੇਲੇ ਬੰਗਲਾ ਦੇਸ਼ ਤੇ ਕੁਝ ਹੋਰਨਾਂ ਨੇ ਵੀ ਭਾਰਤ ਵਾਲਾ ਪੈਂਤੜਾ ਹੀ ਲਿਆ ਹੈ। ਭਾਰਤ ਦੇ ਇਸ ਪੈਂਤੜੇ ਦਾ ਵਿਰੋਧ ਕਰਨ ਵਾਲੇ ਲੋਕ ਇਸ ਮੁੱਦੇ ਉੱਤੇ ਭਾਰਤ ਵਾਲਾ ਪੈਂਤੜਾ ਲੈਣ ਵਾਲੇ ਕਿਸੇ ਹੋਰ ਦੇਸ਼ ਦੇ ਖਿਲਾਫ ਏਹੋ ਜਿਹੀ ਨੁਕਤਾਚੀਨੀ ਨਹੀਂ ਕਰਦੇ ਅਤੇ ਯੂਕਰੇਨ ਵਿੱਚ ਫਸੇ ਨੌਜਵਾਨਾਂ ਦੇ ਦੁੱਖਾਂ ਨੂੰ ਭਾਰਤ ਦੇ ਪੈਂਤੜੇ ਨਾਲ ਜੋੜ ਰਹੇ ਹਨ।

ਭਾਰਤ ਦੇ ਅੱਜ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਕਈ ਗੱਲਾਂ ਦੇ ਅਸੀਂ ਲੋਕ ਵੀ ਵਿਰੋਧੀ ਹੋ ਸਕਦੇ ਹਾਂ, ਪਰ ਇਸ ਜੰਗ ਵਾਲੇ ਮਾਮਲੇ ਵਿੱਚ ਭਾਰਤ ਦੀ ਨਿਰਪੱਖਤਾ ਹੀ ਸਹੀ ਹੈ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤ ਦੀ ਆਜ਼ਾਦੀ ਅਤੇ ਦੇਸ਼ ਦੀ ਵੰਡ ਦੇ ਬਾਅਦ ਨਵੇਂ ਜਨਮੇ ਦੇਸ਼ ਪਾਕਿਸਤਾਨ ਦੇ ਪੱਖ ਵਿੱਚ ਯੂ ਐੱਨ ਓ ਵਿੱਚ ਜਦੋਂ ਕਦੇ ਕੋਈ ਮਤਾ ਭਾਰਤ ਦੇ ਖਿਲਾਫ ਪੇਸ਼ ਹੋਇਆ, ਰੂਸ ਨੇ ਪਿਛਲੇ ਕਮਿਊਨਿਸਟ ਰਾਜ ਵੇਲੇ ਵੀ ਅਤੇ ਅਜੋਕੇ ਵਲਾਦੀਮੀਰ ਪੂਤਿਨ ਵਾਲੇ ਗੈਰ ਕਮਿਊਨਿਸਟ ਦੌਰ ਵਿੱਚ ਵੀ ਹਮੇਸ਼ਾ ਭਾਰਤ ਦੇ ਪੱਖ ਵਿੱਚ ਸਟੈਂਡ ਲਿਆ ਹੈ। ਔਕੜ ਦੇ ਵਕਤ ਪਰਖੇ ਹੋਏ ਏਦਾਂ ਦੇ ਮਿੱਤਰ ਦੇਸ਼ ਦੇ ਕਿਸੇ ਕਦਮ ਨਾਲ ਸਹਿਮਤੀ ਨਾ ਵੀ ਹੋਵੇ ਤਾਂ ਉਸ ਨਾਲ ਗੱਲ ਕੀਤੀ ਜਾ ਸਕਦੀ ਹੈ, ਪਰ ਉਸ ਦੇ ਵਿਰੁੱਧ ਉਨ੍ਹਾਂ ਦੇਸ਼ਾਂ ਨਾਲ ਖੜੇ ਹੋਣਾ ਔਖਾ ਹੋ ਜਾਂਦਾ ਹੈ, ਜਿਨ੍ਹਾਂ ਨੇ ਹਮੇਸ਼ਾ ਭਾਰਤ ਦਾ ਵਿਰੋਧ ਕੀਤਾ ਹੈ। ਭਾਰਤ ਅੱਧੀ ਸਦੀ ਤੋਂ ਵੱਧ ਸਮਾਂ ਸੰਸਾਰ ਰਾਜਨੀਤੀ ਵਿੱਚ ਗੁੱਟ-ਨਿਰਪੱਖ ਰਿਹਾ ਹੈ ਅਤੇ ਉਸ ਦੌਰ ਵਿੱਚ ਇਸ ਦੀ ਇੱਜ਼ਤ ਵੀ ਅਜੋਕੇ ਦੌਰ ਨਾਲੋਂ ਹਮੇਸ਼ਾ ਵੱਧ ਹੁੰਦੀ ਸੀ। ਇਸ ਨੂੰ ਉਹ ਭੂਮਿਕਾ ਫਿਰ ਨਿਭਾਉਣ ਦੀ ਲੋੜ ਹੈ। ਕਿਸੇ ਵਕਤੀ ਭੜਕਾਹਟ ਕਾਰਨ ਭਾਰਤ ਨੂੰ ਕਿਸੇ ਨਾਟੋ ਵਰਗੇ ਫੌਜੀ ਗੱਠਜੋੜ ਨੂੰ ਚਲਾਉਣ ਵਾਲਿਆਂ ਦਾ ਪਿਛਲੱਗ ਨਹੀਂ ਬਣਨਾ ਚਾਹੀਦਾ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਅਮਰੀਕਾ ਨੇ ਅਫਗਾਨਿਸਤਾਨ ਵਿੱਚ ਲੜਨ ਜਾਣਾ ਸੀ ਤਾਂ ਉਸ ਵੇਲੇ ਦੇ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਸੀ ਕਿ ਜਿਹੜਾ ਅਮਰੀਕਾ ਨਾਲ ਨਹੀਂ, ਉਹ ਸਾਡਾ ਦੁਸ਼ਮਣ ਨਾਲ ਮੰਨਿਆ ਜਾਵੇਗਾ। ਇਸ ਘੂਰੀ ਹੇਠ ਉਸ ਵੇਲੇ ਦੀ ਭਾਰਤ ਸਰਕਾਰ ਨੇ ਝੱਟ ਉਸ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ ਸੀ, ਪਰ ਓਦੋਂ ਵੀ ਭਾਰਤ ਦੇ ਲੋਕਾਂ ਦੀ ਬਹੁ-ਗਿਣਤੀ ਇਹ ਸਮਝਦੀ ਸੀ ਕਿ ਹਾਲਾਤ ਜੋ ਵੀ ਹੋਣ, ਭਾਰਤ ਨੂੰ ਬੇਗਾਨੀ ਜੰਗ ਵਿੱਚ ਆਪਣਾ ਸਿਰ ਨਹੀਂ ਫਸਾਉਣਾ ਚਾਹੀਦਾ। ਭਾਰਤ ਦੇ ਲੋਕ ਅੱਜ ਵੀ ਇਹੋ ਚਾਹੁਣਗੇ। ਕਮਿਊਨਿਸਟ ਬਲਾਕ ਦੀ ਹੋਂਦ ਖਤਮ ਹੋਣ ਦੇ ਬਾਅਦ ਬੇਸ਼ੱਕ ਇਹ ਕਿਹਾ ਜਾ ਰਿਹਾ ਹੈ ਕਿ ਇਸ ਵੇਲੇ ਦੁਨੀਆ ਵਿੱਚ ਇੱਕੋ ਮਹਾਂਸ਼ਕਤੀ ਅਮਰੀਕਾ ਰਹਿ ਗਿਆ ਹੈ, ਪਰ ਅਮਲ ਵਿੱਚ ਅੱਜ ਵੀ ਅਮਰੀਕਾ ਤੇ ਰੂਸ ਦੋ ਮਹਾਂਸ਼ਕਤੀਆਂ ਦੀ ਹੋਂਦ ਕਾਇਮ ਹੈ ਤੇ ਇਸ ਨਾਲ ਇੱਕ ਹੋਰ ਮਹਾਂਸ਼ਕਤੀ ਚੀਨ ਲਗਾਤਾਰ ਆਪਣੇ ਉਭਾਰ ਦੇ ਸਬੂਤ ਦੇ ਰਿਹਾ ਹੈ। ਸੰਸਾਰ ਮਹਾਂਸ਼ਕਤੀਆਂ ਨੇ ਜਦੋਂ ਵੱਡੀ ਲੜਾਈ, ਜਿਸ ਨੂੰ 'ਸੰਸਾਰ ਜੰਗ' ਕਹਿੰਦੇ ਸਨ, ਲੜੀ ਸੀ, ਉਸ ਦਾ ਕਾਰਨ ਮਾਲ ਵੇਚਣ ਲਈ ਮੰਡੀਆਂ ਮੰਨੇ ਜਾਂਦੇ ਦੇਸ਼ਾਂ ਉੱਤੇ ਕਬਜ਼ੇ ਦੀ ਸੋਚ ਸੀ ਤੇ ਏਦਾਂ ਦੀ ਸੋਚ ਅਜੇ ਕਾਇਮ ਹੈ। ਜਦੋਂ ਅਮਰੀਕਾ ਦੇ ਇੱਕ ਇਸ਼ਾਰੇ ਉੱਤੇ ਸੰਸਾਰ ਦੀਆਂ ਪ੍ਰਮੁੱਖ ਟੈਕਨੀਕ ਵਾਲੀਆਂ ਕੰਪਨੀਆਂ ਕਿਸੇ ਦੇਸ਼ ਵਿਰੁੱਧ ਪਾਬੰਦੀਆ ਲਾਉਣ ਤੁਰ ਪੈਂਦੀਆਂ ਹਨ ਤਾਂ ਇਸ ਦਾ ਅਰਥ ਵੀ ਦੁਨੀਆ ਦੇ ਦੇਸ਼ਾਂ ਨੂੰ ਸਮਝ ਪੈਣਾ ਚਾਹੀਦਾ ਹੈ। ਇਹ ਸੰਸਾਰ ਪੱਧਰ ਦੀ ਉਸ ਖਿੱਚੋਤਾਣ ਦਾ ਪਹਿਲਾ ਪੜਾਅ ਹੈ, ਜਿਸ ਦਾ ਅਗਲਾ ਪੜਾਅ ਤੀਸਰੀ ਸੰਸਾਰ ਜੰਗ ਹੋ ਸਕਦਾ ਹੈ। ਭਾਰਤ ਨੂੰ ਉਸ ਤੋਂ ਬਚਣ ਦੀ ਲੋੜ ਹੈ। ਯੂ ਐੱਨ ਨਾਕਾਮ ਹੋਈ ਹੈ, ਉਸ ਦੇ ਪੱਲੇ ਕੁਝ ਨਹੀਂ ਰਿਹਾ ਜਾਪਦਾ, ਇਸ ਲਈ ਹਰ ਤਰ੍ਹਾਂ ਦੀ ਬਹਿਸ ਅਮਰੀਕਾ ਦੀ ਅੱਖ ਦੇ ਇਸ਼ਾਰੇ ਮੁਤਾਬਕ ਹੁੰਦੀ ਜਾਪਣ ਲੱਗੀ ਹੈ। ਇਹ ਅੱਖ ਦਾ ਇਸ਼ਾਰਾ ਬਹੁਤ ਖਤਰਨਾਕ ਹੋ ਸਕਦਾ ਹੈ ਅਤੇ ਵਿਕਾਸ ਕਰਦੇ ਦੇਸ਼ਾਂ ਵਾਲਿਆਂ ਨੂੰ ਏਦਾਂ ਦੇ ਇਸ਼ਾਰਿਆਂ ਅੱਗੇ ਸਾਬਤ ਕਦਮੀ ਨਾਲ ਟਿਕਣ ਦੀ ਲੋੜ ਹੈ, ਇਸ ਵੇਲੇ ਥਿੜਕਣਾ ਭਵਿੱਖ ਵਿੱਚ ਮਹਿੰਗਾ ਪੈ ਸਕਦਾ ਹੈ।

# ਸਮਾਂ ਸਭ ਤੋਂ ਵੱਡੀ ਪੂੰਜੀ ਹੈ

ਜ਼ਿੰਦਗੀ ਨਾਲ ਜੁੜੀਆਂ ਕਈ ਚੁਣੌਤੀਆਂ ਦੇ ਵਿਚਕਾਰ, ਅਜੋਕੇ ਹਾਲਾਤਾਂ ਵਿੱਚ ਆਪਣੀ ਹੋਂਦ ਨੂੰ ਸਹੀ ਢੰਗ ਨਾਲ ਬਣਾਈ ਰੱਖਣਾ ਵੀ ਇੱਕ ਸਮੱਸਿਆ ਹੈ, ਜਿਸ ਨੂੰ ਲਗਭਗ ਹਰ ਵਿਅਕਤੀ ਹਰ ਪਲ ਮਹਿਸੂਸ ਕਰਦਾ ਹੈ। ਅਸੀਂ ਕਿਤਾਬਾਂ ਵਿੱਚ ਕਈ ਥਾਂ ਪੜ੍ਹਿਆ ਹੈ, ਕਈ ਵਾਰ ਯਾਦ ਕਰਵਾਇਆ ਹੈ ਕਿ ਰੱਬ ਅੱਗੇ ਅਰਦਾਸ ਕਰਦੇ ਹੋਏ ਵੀ ਅੱਜ ਦੇ ਦਿਨ ਦੀਆਂ ਖੁਸ਼ੀਆਂ ਹੀ ਮੰਗਣੀਆਂ ਚਾਹੀਦੀਆਂ ਹਨ। ਯਾਨੀ ਜੇ ਅੱਜ ਦੀ ਰੋਟੀ ਮਿਲ ਜਾਵੇ ਤਾਂ ਅੱਜ ਦਾ ਦਿਨ ਬਿਨਾਂ ਕਿਸੇ ਦੁੱਖ-ਦਰਦ ਦੇ ਲੰਘ ਜਾਵੇ। ਇਹ ਵੀ ਸੱਚ ਹੈ ਕਿ ਕੀ ਅੱਜ ਦੀਆਂ ਮੁਸ਼ਕਲਾਂ ਅਤੇ ਜ਼ਿੰਮੇਵਾਰੀਆਂ ਘੱਟ ਹਨ ਕਿ ਅਸੀਂ ਅਤੀਤ ਅਤੇ ਭਵਿੱਖ ਦਾ ਬੋਝ ਆਪਣੇ ਆਪ 'ਤੇ ਥੋਪ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਥਕਾ ਦੇਈਏ।

ਅੱਜ ਦੇ ਸਮੇਂ ਵਿਚ ਰਹਿਣਾ ਨਿਸ਼ਚਿਤ ਤੌਰ 'ਤੇ ਮਹੱਤਵਪੂਰਨ ਹੈ। ਪਰ ਇਹ ਵੀ ਸੰਭਵ ਨਹੀਂ ਹੈ ਕਿ ਅੱਜ ਦੇ ਆਪਾ-ਧਾਪੀ ਦੀ ਖ਼ਾਤਰ ਅਸੀਂ ਭਵਿੱਖ ਲਈ ਕੋਈ ਵਿਉਂਤਬੰਦੀ ਨਾ ਕਰੀਏ ਜਾਂ ਅਤੀਤ ਤੋਂ ਕੋਈ ਸਬਕ ਨਾ ਲਾਈਏ। ਪਰ ਭਵਿੱਖ ਦੀ ਨੀਂਹ ਵਰਤਮਾਨ ਦੀ ਧਰਤੀ 'ਤੇ ਹੀ ਰੱਖੀ ਜਾ ਸਕਦੀ ਹੈ ਅਤੇ ਅਤੀਤ ਦੇ ਸਬਕ ਵੀ ਇੱਥੇ ਪੜ੍ਹਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਜੇਕਰ ਅਤੀਤ ਅਤੇ ਭਵਿੱਖ ਸਾਡੇ ਵਿਚਾਰਾਂ ਵਿੱਚ ਹੈ ਤਾਂ ਵਰਤਮਾਨ ਸਾਡੀ ਮਿਹਨਤ ਅਤੇ ਜ਼ਮੀਰ ਵਿੱਚ ਹੈ। ਅਜਿਹੀ ਸਥਿਤੀ ਵਿੱਚ ਅੱਜ ਹਾਰਨਾ ਸਾਡਾ ਸਭ ਤੋਂ ਵੱਡਾ ਨੁਕਸਾਨ ਕਿਹਾ ਜਾ ਸਕਦਾ ਹੈ।

ਭਵਿੱਖ ਦੇ ਸੁਪਨਿਆਂ ਨੂੰ ਪਾਲਦੇ ਹੋਏ ਅਸੀਂ ਅਕਸਰ ਇੰਨੇ ਗੁਆਚ ਜਾਂਦੇ ਹਾਂ ਕਿ ਅਸੀਂ ਭੁੱਲ ਜਾਂਦੇ ਹਾਂ ਕਿ ਅੱਜ ਸਾਨੂੰ ਕੁਝ ਵੀ ਪ੍ਰਾਪਤ ਕਰਨ ਲਈ ਸਰਗਰਮ ਅਤੇ ਸਰਗਰਮ ਹੋਣ ਦੀ ਲੋੜ ਹੈ। ਇਸ ਦੇ ਨਾਲ ਹੀ ਅਤੀਤ ਵਿੱਚ ਰਹਿਣਾ ਕਿਸੇ ਨਸ਼ੇ ਤੋਂ ਘੱਟ ਨਹੀਂ ਹੈ। ਦੋਨਾਂ ਮੂਡਾਂ ਵਿੱਚ ਲੀਨ ਹੋਣਾ ਸਾਨੂੰ ਪੈਸਿਵ ਅਤੇ ਉਦਾਸ ਬਣਾ ਸਕਦਾ ਹੈ। ਇਸ ਤੋਂ ਬਚਣ ਲਈ ਸ਼ਾਇਦ ਸਾਨੂੰ ਵਰਤਮਾਨ ਨੂੰ ਪੂਰਾ ਮੁੱਲ ਦੇਣ ਦੀ ਲੋੜ ਹੈ।

ਹਾਲਾਂਕਿ, ਵਰਤਮਾਨ 'ਤੇ ਪੂਰੀ ਤਰ੍ਹਾਂ ਕੇਂਦ੍ਰਿਤ ਹੋਣਾ ਇੰਨਾ ਆਸਾਨ ਨਹੀਂ ਹੈ। ਕੁਦਰਤੀ ਤੌਰ 'ਤੇ ਮਨੁੱਖ ਇੱਕ ਸਮਾਜਿਕ ਜਾਨਵਰ ਹੈ ਅਤੇ ਉਸਦਾ ਜੀਵਨ ਬਹੁਤ ਸਾਰੇ ਸਿੱਧੇ ਅਤੇ ਅਸਿੱਧੇ ਸਰੋਤਾਂ ਦੁਆਰਾ ਨਿਯੰਤਰਿਤ ਹੁੰਦਾ ਹੈ। ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਇਹਨਾਂ ਸਾਰੇ ਕਾਰਕਾਂ ਦੇ ਵਿਚਕਾਰ ਖੁਸ਼ੀ ਦੀ ਕੁੰਜੀ ਦੀ ਖੋਜ ਵਿੱਚ, ਸਾਨੂੰ ਜੀਵਨ ਨੂੰ ਇਸਦੇ ਸਹੀ ਅਰਥਾਂ ਵਿੱਚ ਸਮਝਣ ਲਈ ਬਹੁਤ ਕੁਝ ਸਿੱਖਣ ਦੀ ਲੋੜ ਹੈ। ਇਹ ਇੱਕ ਕਲਾ ਹੈ ਜੋ ਆਪਣੇ ਆਪ ਸਿੱਖਣੀ ਪੈਂਦੀ ਹੈ। ਨਹੀਂ ਤਾਂ ਅਦਿੱਖ, ਕਾਲਪਨਿਕ ਸਮੇਂ ਦੇ ਚੱਕਰ ਵਿੱਚ ਇੱਕ ਅਵਾਰਾ ਪੁਲਾੜ ਯਾਨ ਵਾਂਗ ਘੁੰਮਦਾ ਰਹੇਗਾ।

ਵਰਤਮਾਨ ਵਿੱਚ ਹੋਣ ਦੀ ਕਲਾ ਸਿੱਖਣ ਲਈ, ਸਾਨੂੰ ਆਪਣੇ ਬਚਪਨ ਵਿੱਚ ਵਾਪਸ ਜਾਣਾ ਪਵੇਗਾ, ਜਦੋਂ ਸਾਡੇ ਵਿੱਚ ਕੁਦਰਤੀ ਤੌਰ 'ਤੇ ਧਿਆਨ ਕੇਂਦਰਿਤ ਕਰਨ ਦੀ ਅਦਭੁਤ ਯੋਗਤਾ ਸੀ। ਯਾਦ ਕੀਤਾ ਜਾ ਸਕਦਾ ਹੈ ਕਿ ਅਸੀਂ ਚੀਜ਼ਾਂ ਅਤੇ ਨਜ਼ਾਰਿਆਂ ਨੂੰ ਕਿਵੇਂ ਘੂਰਦੇ ਸਾਂ। ਪੜ੍ਹਦਿਆਂ-ਖੇਡਦਿਆਂ ਅਸੀਂ ਇੰਨੇ ਇਕਾਗਰ ਹੋ ਜਾਂਦੇ ਸੀ ਕਿ ਆਲੇ-ਦੁਆਲੇ ਦਾ ਮਾਹੌਲ, ਸਭ ਕੁਝ ਸਾਡੇ ਲਈ ਅਲੋਪ ਹੋ ਜਾਂਦਾ ਸੀ। ਅਸੀਂ ਧਿਆਨ ਕੇਂਦਰਿਤ ਕਰਨ ਦੀ ਕਲਾ ਵਿੱਚ ਮਾਹਰ ਹੋ ਕੇ ਬਹੁਤ ਜਲਦੀ ਬਹੁਤ ਕੁਝ ਸਿੱਖ ਲੈਂਦੇ ਸੀ। ਬਚਪਨ ਵਿੱਚ ਵੀ ਜੇਕਰ ਅਸੀਂ ਅਤੀਤ ਅਤੇ ਭਵਿੱਖ ਦਾ ਬੋਝ ਚੁੱਕਦੇ ਰਹੇ ਤਾਂ ਅੱਜ ਇਸ ਮੁਕਾਮ ਤੱਕ ਪਹੁੰਚਣਾ ਸਾਡੇ ਲਈ ਸੰਭਵ ਨਹੀਂ ਸੀ।

ਆਪਣੇ ਆਪ ਨੂੰ ਵਰਤਮਾਨ ਵਿੱਚ ਬਣਾਈ ਰੱਖਣ ਲਈ, ਸਭ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਉਨ੍ਹਾਂ ਵਿਚਾਰਾਂ, ਸਥਿਤੀਆਂ ਤੋਂ ਥੋੜਾ ਦੂਰ ਰੱਖਣਾ ਹੋਵੇਗਾ ਜੋ ਸਾਨੂੰ ਸਾਡੇ ਟੀਚੇ ਤੋਂ ਭਟਕਾਉਂਦੇ ਹਨ। ਨਵੀਂ ਤਕਨਾਲੋਜੀ ਅਤੇ ਸੰਚਾਰ ਸਾਧਨਾਂ ਨਾਲ ਜੁੜੇ ਬਹੁਤ ਸਾਰੇ ਫਾਇਦਿਆਂ ਦੇ ਨਾਲ, ਇੱਕ ਵੱਡਾ ਨੁਕਸਾਨ ਸਾਡੀ ਨਿੱਜਤਾ ਦੀ ਉਲੰਘਣਾ ਵੀ ਹੈ। ਇਸ ਦੇ ਨਾਲ ਹੀ ਕਈ ਚੰਗੀਆਂ ਗੱਲਾਂ ਦੇ ਨਾਲ-ਨਾਲ ਕਈ ਬੇਕਾਰ ਗੱਲਾਂ ਵੀ ਸਾਡੇ ਮਨ ਅੰਦਰ ਪਹੁੰਚਦੀਆਂ ਰਹਿੰਦੀਆਂ ਹਨ, ਜੋ ਸਾਨੂੰ ਬੇਸਬਰੇ ਅਤੇ ਕਈ ਵਾਰ ਗੁੱਸੇ ਵੀ ਕਰਦੀਆਂ ਹਨ।

ਇਸ ਤਰ੍ਹਾਂ ਬਿਨਾਂ ਕੁਝ ਕੀਤੇ ਸਾਡੀ ਊਰਜਾ ਅਤੇ ਸਮਾਂ ਦੋਵੇਂ ਬਰਬਾਦ ਹੁੰਦੇ ਹਨ। ਤਕਨਾਲੋਜੀ ਦੀ ਸਮਝਦਾਰੀ ਨਾਲ ਵਰਤੋਂ ਸਾਡੇ ਵਰਤਮਾਨ ਨੂੰ ਅਰਥ ਦੇ ਸਕਦੀ ਹੈ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਅਸੀਂ ਵੀ ਆਪਣੇ ਵਿਚਾਰਾਂ ਨੂੰ ਜ਼ਰੂਰੀ ਕੰਮ ਨਾਲ ਜੋੜ ਸਕੀਏ। ਵਰਤਮਾਨ ਵਿੱਚ ਸਰੀਰਕ ਅਤੇ ਮਾਨਸਿਕ ਤੌਰ 'ਤੇ ਪੂਰੀ ਤਰ੍ਹਾਂ ਮੌਜੂਦ ਰਹੋ। ਇਹ ਕੋਸ਼ਿਸ਼ ਸਿਰਫ਼ ਕੰਮ 'ਤੇ ਲਾਗੂ ਕਰਨ ਤੱਕ ਹੀ ਸੀਮਤ ਨਹੀਂ ਹੋਣੀ ਚਾਹੀਦੀ।

ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ ਅਤੇ ਤੁਹਾਡੀ ਰੋਜ਼ਾਨਾ ਰੁਟੀਨ ਵਿੱਚ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ। ਉਦਾਹਰਣ ਵਜੋਂ, ਭੋਜਨ ਕਰਦੇ ਸਮੇਂ, ਸਾਡਾ ਪੂਰਾ ਧਿਆਨ ਭੋਜਨ ਦੇ ਰੰਗ, ਸੁਆਦ ਦੇ ਨਾਲ-ਨਾਲ ਇਸ ਗੱਲ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ ਕਿ ਉਹ ਭੋਜਨ ਸਾਨੂੰ ਕਿਵੇਂ ਪੋਸ਼ਣ ਅਤੇ ਸੰਤੁਸ਼ਟ ਕਰ ਰਿਹਾ ਹੈ। ਕਿਸੇ ਨਾਲ ਗੱਲ ਕਰਦੇ ਸਮੇਂ ਵੀ ਸਾਨੂੰ ਉੱਥੇ ਪੂਰੀ ਤਰ੍ਹਾਂ ਹਾਜ਼ਰ ਹੋਣਾ ਚਾਹੀਦਾ ਹੈ। ਅਜਿਹੀ ਸਥਿਤੀ ਵਿੱਚ, ਜੋ ਵੀ ਸੰਚਾਰ ਹੋਵੇਗਾ, ਸਾਨੂੰ ਜੋ ਅਨੁਭਵ ਮਿਲੇਗਾ, ਉਹ ਨਾ ਸਿਰਫ ਬਹੁਤ ਪ੍ਰਭਾਵਸ਼ਾਲੀ ਹੋਵੇਗਾ, ਅਸੀਂ ਜੀਵਨ ਵਿੱਚ ਵਧੇਰੇ ਸੰਤੁਸ਼ਟ ਅਤੇ ਖੁਸ਼ ਵੀ ਹੋਵਾਂਗੇ।

ਸਮਾਂ ਸਭ ਤੋਂ ਵੱਡੀ ਸੰਪੱਤੀ ਹੈ, ਜੋ ਹਰ ਰੋਜ਼ ਘੱਟਦਾ ਜਾ ਰਿਹਾ ਹੈ। ਇਸ ਦੀ ਚੰਗੀ ਵਰਤੋਂ ਕਰਨਾ ਬਹੁਤ ਜ਼ਰੂਰੀ ਹੈ। ਅੱਜ ਮੈਂ ਇੱਕ ਬੂਟਾ ਲਗਾ ਰਿਹਾ ਹਾਂ, ਮੇਰੇ ਹੱਥ ਕਾਲੀ ਮਿੱਟੀ ਨਾਲ ਢੱਕੇ ਹੋਏ ਹਨ, ਮੈਂ ਇਸਨੂੰ ਪਾਣੀ, ਖਾਦ ਹਰ ਦਿਨ ਸਮਰਪਣ ਨਾਲ ਦਿੰਦਾ ਰਹਾਂਗਾ, ਮੈਂ ਹਰ ਰੋਜ਼ ਆਪਣੇ ਅੰਦਰ ਜੋਸ਼, ਉਤਸ਼ਾਹ ਮਹਿਸੂਸ ਕਰਦਾ ਰਹਾਂਗਾ। ਚਿੰਤਾ ਨਾ ਕਰੋ ਕਿ ਫੁੱਲ ਕੱਲ੍ਹ ਖਿੜੇਗਾ ਜਾਂ ਨਹੀਂ. ਮੈਨੂੰ ਇਹ ਮਿਲੇਗਾ ਜਾਂ ਨਹੀਂ? ਪਰ ਲੋੜ ਹੈ ਕਿ ਇਹੋ ਸੋਚਦਿਆਂ ਮੇਰੇ ਅੰਦਰ ਹਰ ਰੋਜ਼ ਇੱਕ ਨਵਾਂ ਫੁੱਲ ਖਿੜਦਾ ਹੈ, ਜਿਸ ਤੋਂ ਮੇਰੇ ਵਰਤਮਾਨ ਦੀ ਮਹਿਕ ਆਉਂਦੀ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

## ਅੰਤਰਰਾਸ਼ਟਰੀ ਮਹਿਲਾ ਦਿਵਸ ਮੁਬਾਰਕ!

ਜਿਸ ਨੇ ਜੀਵਨ ਦਿੱਤਾ. ਉਹ ਪਤਨੀ ਹੈ।
ਉਹ ਇੱਕ ਮਾਂ, ਭੈਣ ਹੈ ਅਤੇ ਉਹ ਇੱਕ ਦੋਸਤ ਵੀ ਹੈ।
ਉਹ ਕੰਮ ਕਰਦੀ ਹੈ, ਖਾਣਾ ਬਣਾਉਂਦੀ ਹੈ ਅਤੇ ਸਾਫ਼ ਕਰਦੀ ਹੈ।
ਉਹ ਹੱਸਦੀ ਹੈ, ਮਦਦ ਕਰਦੀ ਹੈ,
ਦਿਲਾਸਾ ਦਿੰਦੀ ਹੈ, ਪਰ ਆਪਣੇ ਦਰਦ ਨੂੰ ਲੁਕਾਉਂਦੀ ਹੈ।
ਜਦੋਂ ਤੁਸੀਂ ਸੰਘਰਸ਼ ਕਰਦੇ ਹੋ
ਤਾਂ ਉਹ ਤੁਹਾਡੀ ਮਦਦ ਕਰਦੀ ਹੈ।
ਪਰ ਅਸੀਂ ਔਰਤ ਨੂੰ ਦੁਰਕਰਾਰ ਰਹੇ ਹਾਂ
ਉਸ ਦੀ ਕਾਮਯਾਬੀ ਦੇ ਰਾਹਾਂ ਦਾ ਰੋੜਾ ਬਣਦੇ ਹਾਂ
ਉਸ ਨੂੰ ਹਰ ਨਜ਼ਰ ਤੋਂ ਛੋਟਾ ਦਿਖਾਉਣ ਦੀ ਕੋਸ਼ਿਸ਼ ਕਰਦੇ ਹਾਂ
ਉਸਨੂੰ ਦੂਰ ਧੱਕਦੇ ਹਾਂ
ਅਤੇ ਉਸਦੀ ਸਲਾਹ ਨੂੰ ਨਜ਼ਰਅੰਦਾਜ਼ ਕਰਦੇ ਹਾਂ
ਉਸ ਨੂੰ ਤਸੀਹੇ ਦੇ ਕੇ ਬਲਾਤਕਾਰ ਕਰਦੇ ਹਾਂ
ਉਸ ਨੂੰ ਕੁਖਾਂ ਵਿਚ ਹੀ ਮਾਰ ਦਿੰਦੇ ਹਾਂ,
ਉਸ ਨੂੰ ਵੇਚਿਆਂ ਜਾਂਦਾ ਹੈ ਹਿਵਾਨੀਅਤ ਦੇ ਲਈ
ਉਸ ਦੀ ਬੋਲੀ ਲਗਾਈ ਜਾਂਦੀ ਹੈ।
ਉਸ ਨੂੰ ਹਰ ਮਾੜੇ ਕੰਮ ਲਈ ਵਰਤਿਆਂ ਜਾਂਦਾ ਹੈ।
ਪਰ ਔਰਤ ਫਿਰ ਵੀ
ਆਪਣੇ ਹੰਕਾਰ ਨੂੰ ਪੀ ਲੈਂਦੀ ਹੈ,
ਆਪਣੀਆਂ ਭਾਵਨਾਵਾਂ ਨੂੰ ਪਾਸੇ ਰੱਖ ਦਿੰਦੀ ਹੈ।
ਤੁਹਾਡੀ ਅਗਿਆਨਤਾ ਨੂੰ ਨਜ਼ਰਅੰਦਾਜ਼ ਕਰ ਦਿੰਦੀ ਹੈ
ਅਤੇ ਤੁਹਾਡੀਆਂ ਕਮੀਆਂ ਨੂੰ ਬਰਦਾਸ਼ਤ ਕਰਦੇ ਹੋਏ
ਫਿਰ ਵੀ ਤੁਹਾਡਾ ਪੱਖ ਲੈਂਦੀ ਹੈ।
ਤੁਸੀਂ ਉਸਨੂੰ ਬਦਚਲਣ, ਬੇਸ਼ਰਮ, ਬਿਚ, ਸਲਟ, ਹੋਰ
ਅਤੇ ਟ੍ਰੈਂਪ ਦਾ ਨਾਂ ਦਿੰਦੇ ਹੋ
ਉਹ ਮਾਣ ਨਾਲ ਜਵਾਬ ਦਿੰਦੀ ਹੈ
ਅਤੇ ਇੱਕ ਚੈਂਪੀਅਨ ਵਾਂਗ ਆਪਣੇ ਆਪ ਨੂੰ ਪੂਰੀ ਤਰ੍ਹਾਂ ਗੁਆ ਦਿੰਦੀ ਹੈ।
ਤੁਸੀਂ ਉਸਨੂੰ ਕੁਝ ਨਹੀਂ ਕਹਿੰਦੇ.
ਪਰ ਮੈਂ ਉਸਨੂੰ ਮਜ਼ਬੂਤ, ਸਮਾਰਟ, ਸੰਵੇਦਨਾਤਮਕ,
ਦੇਖਭਾਲ ਕਰਨ ਵਾਲਾ, ਪ੍ਰਮਾਤਮਾ ਦਾ ਤੋਹਫ਼ਾ ,
ਸਹਿਣਸ਼ੀਲ ਦੀ ਮੂਰਤ ਅਤੇ ਸ਼ਕਤੀਸ਼ਾਲੀ ਕਹਿੰਦਾ ਹਾਂ।
ਜਿਸ ਦੇ ਕਾਰਨ ਅੱਜ ਇਹ ਸਾਰਾਂ ਸੰਸਾਰ ਚੱਲ ਰਿਹਾ ਹੈ
ਉਸ ਦੇ ਪੇਟ ਵਿਚੋਂ ਜਨਮ ਲੈ ਕੇ ,
ਅੰਤਰਰਾਸ਼ਟਰੀ ਮਹਿਲਾ ਦਿਵਸ ਮੁਬਾਰਕ!

*-ਸੁਰਜੀਤ ਸਿੰਘ ਫਲੋਰਾ*

# ਮਨੁੱਖੀ ਅਧਿਕਾਰਾਂ ਦੀਆਂ ਚੁਣੌਤੀਆਂ ਨੂੰ ਤੁਰੰਤ ਦੂਰ ਕਰਨ ਦੀ ਲੋੜ

-ਸਲਿਲ ਸਰੋਜ-

ਮੌਲਿਕ ਮਨੁੱਖੀ ਅਧਿਕਾਰ ਯੂਨੀਵਰਸਲ ਅਤੇ ਨਾ-ਮੁਆਫ ਕਰਨ ਯੋਗ ਹਨ ਅਤੇ ਦੁਨੀਆ ਦੇ ਸਾਰੇ ਲੋਕ ਨਸਲ, ਰੰਗ, ਲਿੰਗ, ਜਾਤੀਅਤਾ, ਉਮਰ, ਭਾਸ਼ਾ, ਧਰਮ, ਰਾਸ਼ਟਰੀ ਤੇ ਸਮਾਜਿਤ ਕਦਰਾਂ-ਕੀਮਤਾਂ, ਅਪੰਗਤਾ, ਜਾਇਦਾਦ, ਜਨਮ ਜਾਂ ਹੋਰ ਸਥਿਤੀ ਦੇ ਆਧਾਰ ਉੱਤੇ ਵਿਤਕਰੇ ਬਿਨਾਂ ਉਨ੍ਹਾਂ ਦਾ ਆਨੰਦ ਮਾਣਨ ਦੇ ਹੱਕਦਾਰ ਹਨ। ਆਜ਼ਾਦੀ, ਬਰਾਬਰੀ ਤੇ ਸ਼ਾਨਦਾਰ ਜ਼ਿੰਦਗੀ ਹੀ ਵਿਸ਼ਵ ਵਿੱਚ ਨਿਆਂ ਅਤੇ ਸ਼ਾਂਤੀ ਨਾਲ ਆਜ਼ਾਦੀ ਦਾ ਮੂਲ ਆਧਾਰ ਪੇਸ਼ ਕਰ ਸਕਦੀ ਹੈ। ਇਹ ਬੜਾ ਚਿੰਤਾ ਦਾ ਵਿਸ਼ਾ ਹੈ ਕਿ ਵੱਖ-ਵੱਖ ਖੇਤਰਾਂ ਵਿੱਚ ਮਨੁੱਖੀ ਅਧਿਕਾਰਾਂ ਦੀ ਅਣਦੇਖੀ ਤੇ ਉਲੰਘਣਾ ਕੀਤੀ ਜਾ ਰਹੀ ਹੈ।

ਜੇ ਗਰੀਬੀ ਨੂੰ ਖਤਮ ਕਰਨ, ਮਨੁੱਖੀ ਸ਼ਾਨ ਅਤੇ ਅਧਿਕਾਰਾਂ ਨੂੰ ਉਤਸ਼ਹ ਦੇਣ ਅਤੇ ਸੁਸ਼ਾਸਨ ਰਾਹੀਂ ਸਾਰਿਆਂ ਨੂੰ ਬਰਾਬਰ ਮੌਕੇ ਦੇਣ ਲਈ ਕੋਈ ਸਥਾਈ ਮਨੁੱਖੀ ਵਿਕਾਸ ਦਾ ਸਰੋਤ ਨਹੀਂ ਤਾਂ ਮਨੁੱਖੀ ਅਧਿਕਾਰਾਂ ਦਾ ਕੋਈ ਅਰਥ ਨਹੀਂ। ਵਿਸ਼ਵੀਕਰਨ ਦੀ ਪ੍ਰਕਿਰਿਆ ਤੇ ਕਮਜ਼ੋਰ ਵਰਗਾਂ ਅਤੇ ਸੀਮਤ ਸੋਮਿਆਂ ਵਾਲੇ ਲੋਕਾਂ ਨੂੰ ਬਾਹਰ ਕਰਨ ਅਤੇ ਹਾਸ਼ੀਏ ਉੱਤੇ ਰੱਖਣ ਦੀ ਇਸ ਦੀ ਸਮੱਰਥਾ ਦੇ ਸੰਦਰਭ ਵਿੱਚ ਇਹ ਵਿਸ਼ੇਸ਼ ਤੌਰ ਉੱਤੇ ਪ੍ਰਾਸੰਗਿਕ ਹੈ। ਵਿਕਾਸ, ਜੋ ਆਪਣੇ ਘੇਰੇ ਵਿੱਚ ਸਮਾਜਿਕ, ਆਰਥਿਕ ਤੇ ਸਿਆਸੀ ਪਰਿਵੇਸ਼ ਨੂੰ ਸ਼ਾਮਲ ਕਰਦਾ ਹੈ, ਅਸਲੀ ਅਰਥਾਂ ਵਿੱਚ ਤਦੇ ਸੰਭਵ ਹੈ, ਜਦੋਂ ਗਰੀਬੀ ਨੂੰ ਖਤਮ ਕੀਤਾ ਜਾਵੇ, ਜੋ ਮਨੁੱਖੀ ਅਧਿਕਾਰਾਂ ਲਈ ਸਭ ਤੋਂ ਵੱਡਾ ਖਤਰਾ ਅਤੇ ਚੁਣੌਤੀ ਹੈ।

ਬਦਕਿਸਮਤੀ ਨਾਲ ਵਿਕਾਸ ਦੇ ਫਲ ਸਾਡੇ ਸਾਰੇ ਨਾਗਰਿਕਾਂ ਤੱਕ ਇੱਕੋ ਅਨੁਪਾਤ ਵਿੱਚ ਨਹੀਂ ਪਹੁੰਚ ਸਕੇ ਅਤੇ ਇਸ ਦੇ ਨਤੀਜੇ ਵਜੋਂ ਅਮੀਰਾਂ ਅਤੇ ਵਾਂਝਿਆਂ ਦਰਮਿਆਨ ਪਾੜੇ ਦੇ ਨਾਲ-ਨਾਲ ਬਰਾਬਰੀ ਲਗਾਤਾਰ ਵਧ ਰਹੀ ਹੈ। ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿਕਾਸ ਦਾ ਲਾਭ ਲੋਕਾਂ ਦੇ ਹਰ ਵਰਗ ਤੱਕ ਇੱਕੋ ਜਿਹਾ ਪਹੁੰਚੇ।

ਹਰ ਵਿਅਕਤੀ ਨੂੰ ਮਿਲੇ ਅਧਿਕਾਰ ਤੇ ਮੌਕੇ ਲੋਕਤੰਤਰ ਨੂੰ ਪ੍ਰਮੁੱਖ ਬਣਾਉਂਦੇ ਹਨ, ਪਰ ਸਭ ਤੋਂ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਭਾਰਤ ਸੌੜੇ ਫਿਰਕੂ ਹਿੱਤਾਂ ਲਈ ਸਾਡੇ ਲੋਕਾਂ ਵਿਚਾਲੇ ਫਿਰਕੂਪੁਣੇ ਤੇ ਫੁੱਟ ਨੂੰ ਸ਼ਹਿ ਦੇਣ ਦੀ ਪ੍ਰਵਿਰਤੀ ਦੇਖ ਰਿਹਾ ਹੈ, ਜੋ ਲੋਕਤੰਤਰ ਨੂੰ ਕਮਜ਼ੋਰ ਕਰਦਾ ਹੈ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਹਾਲਤਾਂ ਪੈਦਾ ਕਰੇਗਾ। ਇਸ ਤਰ੍ਹਾਂ ਮਨੁੱਖੀ ਅਧਿਕਾਰ ਸਿੱਖਿਆ ਨੂੰ ਸਾਰੇ ਪੱਧਰਾਂ, ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸਾਡੀ ਰਸਮੀ ਸਿੱਖਿਆ ਪ੍ਰਣਾਲੀ ਦਾ ਅਨਿੱਖੜਵਾਂ ਅੰਗ ਬਣਾਉਣ ਦੀ ਤਤਕਾਲ ਲੋੜ ਹੈ, ਜੋ ਗਿਆਨ ਅਤੇ ਹੁਨਰ ਪੇਸ਼ ਕਰ ਕੇ ਨਜ਼ਰੀਏ ਨੂੰ ਢਾਲ ਕੇ ਮਨੁੱਖੀ ਅਧਿਕਾਰਾਂ ਦਾ ਯੂਨੀਵਰਸਲ ਸੱਭਿਆਚਾਰ ਬਣਾਉਣ ਵਿੱਚ ਮਦਦ ਕਰੇਗੀ।

ਯੂਨੀਵਰਸਲ ਵੋਟ ਅਧਿਕਾਰ ਦੀ ਆਜ਼ਾਦੀ ਅਤੇ ਬਰਾਬਰੀ ਉੱਤੇ ਆਧਾਰਿਤ ਲੋਕਤੰਤਰ ਨਾਲ ਸਦੀਆਂ ਦੇ ਪ੍ਰਯੋਗਾਂ ਬਾਅਦ ਵੀ ਦੁਨੀਆ ਭਰ ਵਿੱਚ ਔਰਤਾਂ ਨਾਲ ਵਿਤਕਰਾ ਜਾਰੀ ਹੈ ਅਤੇ ਕਈ ਕਿਸਮ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੁੰਦੀ ਹੈ। ਔਰਤਾਂ ਵਿਰੁੱਧ ਅਪਰਾਧ ਤੇਜ਼ੀ ਨਾਲ ਵਧ ਰਹੇ ਹਨ, ਅਸਲ ਵਿੱਚ ਮਨੁੱਖਤਾ ਦੇ ਵਿਰੁੱਧ ਅਪਰਾਧ ਹਨ। ਸਾਡਾ ਸੰਵਿਧਾਨ ਮਰਦਾਂ ਤੇ ਔਰਤਾਂ ਨੂੰ ਸਿਆਸੀ, ਸਮਾਜਿਕ ਤੇ ਆਰਥਿਕ ਖੇਤਰਾਂ ਵਿੱਚ ਬਰਾਬਰ ਅਧਿਕਾਰ ਅਤੇ ਮੌਕੇ ਪੇਸ਼ ਕਰਦਾ ਹੈ ਅਤੇ ਇਹ ਜ਼ਰੂਰੀ ਹੈ ਕਿ ਸਾਡੀਆਂ ਉਚ ਪ੍ਰਤੀਨਿਧੀ ਅਥਾਰਿਟੀਆਂ ਵਿੱਚ ਸੀਟਾਂ ਦੇ ਰਾਖਵੇਂਕਰਨ ਦੇ ਇਲਾਵਾ ਅਸਲੀ ਤੌਰ ਉੱਤੇ ਮਹਿਲਾ ਸਸ਼ਕਤੀਕਰਨ ਦੀ ਸਹੂਲਤ ਲਈ ਸਾਰੇ ਕਦਮ ਚੁੱਕੇ ਜਾਣ।

ਚਿੰਤਾ ਦਾ ਇੱਕ ਹੋਰ ਖੇਤਰ ਬੱਚਿਆਂ ਦੇ ਅਧਿਕਾਰਾਂ ਦੀ ਲਗਾਤਾਰ ਉਲੰਘਣਾ ਹੈ, ਖਾਸ ਤੌਰ ਉੱਤੇ ਸਾਡੇ ਸਮਾਜ ਦੇ ਕਮਜ਼ੋਰ ਵਰਗਾਂ ਨਾਲ ਸਬੰਧਤ, ਜੋ ਅਕਸਰ ਸੈਕਸ ਸ਼ੋਸ਼ਣ, ਤਸੀਹੇ, ਹਿੰਸਾ, ਅਣਹੋਂਦ, ਨਾਂਹ ਅਤੇ ਬੰਧੂਆ ਮਜ਼ਬੂਰੀ ਦੇ ਸ਼ਿਕਰ ਹੁੰਦੇ ਹਨ। ਕਿਰਤ ਲਈ ਬੱਚਿਆਂ ਦਾ ਸ਼ੋਸ਼ਣ ਇੱਕ ਵੱਡਾ ਵਰਗ ਵੱਲੋਂ ਅਨੁਭਵ ਕੀਤਾ ਜਾਣ ਵਾਲਾ ਕੁਪੋਸ਼ਣ ਸਾਡੇ ਸਮਾਜ ਦੀ ਗੰਭੀਰ ਹਕੀਕਤ ਹੈ, ਜਿਸ ਲਈ ਜ਼ਰੂਰੀ ਹੈ ਕਿ ਮੌਜੂਦਾ ਕਾਨੂੰਨਾਂ ਨੂੰ ਨਵੇਂ ਆਰਡੀਨੈਂਸਾਂ ਨਾਲ ਬੱਚਿਆਂ ਦੇ ਸ਼ੋਸ਼ਣ ਵਿਰੁੱਧ ਅਤੇ ਉਨ੍ਹਾਂ ਦੇ ਬਚਪਨ ਲਈ ਸਖਤੀ ਨਾਲ ਲਾਗੂ ਕੀਤਾ ਜਾਵੇ।

ਭਾਰਤ ਵਿੱਚ ਮਨੁੱਖੀ ਅਧਿਕਾਰ ਅੰਦੋਲਨ ਨੇ ਇੱਕ ਲੰਬਾ ਸਫਰ ਕੀਤਾ ਹੈ ਤੇ ਪਿਛਲੇ ਛੇ ਦਹਾਕਿਆਂ ਦੌਰਾਨ ਕਈ ਮਨੁੱਖੀ ਅਧਿਕਾਰ ਕੇਂਦਰਿਤ ਕਾਨੂੰਨ ਬਣੇ ਹਨ, ਜਿਨ੍ਹਾਂ ਸਾਰਿਆਂ ਨੂੰ ਈਮਾਨਦਾਰੀ ਨਾਲ ਲਾਗੂ ਕਰਨਾ ਚਾਹੀਦਾ ਹੈ। ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਚੁਣੌਤੀਆਂ ਦਾ ਹੱਲ ਫੌਰੀ ਕਰਨ ਦੀ ਲੋੜ ਹੈ। ਜਦੋਂ ਤੱਕ ਮੌਲਿਕ ਮਨੁੱਖੀ ਅਧਿਕਾਰਾਂ ਦਾ ਸਨਮਾਨ ਸ਼ਾਸਨ ਦਾ ਆਧਾਰ ਨਹੀਂ ਹੈ, ਉਦੋਂ ਤੱਕ ਅਸਲੀ ਅਰਥਾਂ ਵਿੱਚ ਕੋਈ ਤਰੱਕੀ ਸੰਭਵ ਨਹੀਂ ਹੈ। ਅਸਲੀ ਅਰਥਾਂ ਅਧਿਕਾਰਾਂ ਲਈ ਉਚਿਤ ਸਨਮਾਨ ਰਾਹੀਂ ਹੀ ਵਿਕਾਸ ਕਾਇਮ ਰੱਖਿਆ ਜਾ ਸਕਦਾ ਹੈ। ਮੀਡੀਆ ਅਤੇ ਨਾਗਰਿਕ ਸਮਾਜ ਸੰਗਠਨਾਂ ਨੂੰ ਮਨੁੱਖੀ ਅਧਿਕਾਰ ਜਾਗਰੂਕਰਤਾ ਪੈਦਾ ਕਰਨ ਤੇ ਰਸਮੀ ਕਾਰਵਾਈ ਲਈ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਸਾਹਮਣੇ ਲਿਆਉਣ ਵਿੱਚ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਲੋਕਤੰਤਰ ਦੇ ਵਿਕਾਸ ਅਤੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਤਾਲੇ-ਮੇਲ ਅਤੇ ਆਪਸੀ ਤੌਰ ਉੱਤੇ ਮਜ਼ਬੂਤ ਕਰਨ ਵਾਲੇ ਹਨ। ਲੋਕਤੰਤਰੀ ਕਦਰਾਂ-ਕੀਮਤਾਂ ਦੀ ਰਾਖੀ ਕਰਨੀ, ਕਾਨੂੰਨ ਨੂੰ ਬਣਾਈ ਰੱਖਣਾ ਅਤੇ ਨਾਲ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨਾ ਇੱਕ ਸੱਭਿਅਕ ਹੋਂਦ ਦੀ ਸਭ ਤੋਂ ਬੁਨਿਆਦੀ ਲੋੜ ਹੈ, ਜੋ ਕਿਸੇ ਲੋਕਤੰਤਰ ਦੇ ਲਾਜ਼ਮੀ ਟੀਚੇ ਬਣੇ ਰਹਿੰਦੇ ਹਨ। ਬੇਸ਼ੱਕ ਅਸੀਂ ਦੁਨੀਆ ਵਿੱਚ ਸਭ ਤੋਂ ਵੱਡਾ ਲੋਕਤੰਤਰ ਸਥਾਪਿਤ ਕਰਨ ਵਿੱਚ ਸਫਲ ਰਹੇ ਹਾਂ, ਅਸੀਂ ਅੱਜ ਤੱਕ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਚੰਗੀ ਤਰ੍ਹਾਂ ਮਹਿਸੂਸ ਨਹੀਂ ਕਰਵਾ ਸਕੇ ਅਤੇ ਉਨ੍ਹਾਂ ਦੀ ਰੱਖਿਆ ਨਹੀਂ ਸਕੇ ਜੋ ਸਾਡੇ ਲੋਕਤੰਤਰ ਦੇ ਵੱਧਣ-ਫੁੱਲਣ ਲਈ ਜ਼ਰੂਰੀ ਹਨ। ਦੇਸ਼ ਵਿੱਚ ਸ਼ਾਸਨ ਅਤੇ ਨਾਗਰਿਕ ਸਮਾਜ ਦੇ ਪੱਧਰ ਉੱਤੇ ਮਨੁੱਖੀ ਅਧਿਕਾਰਾਂ ਲਈ ਸਨਮਾਨ ਦਾ ਸੱਭਿਆਚਾਰ ਵਿਕਸਿਤ ਕਰਨਾ ਸਮੇਂ ਦੀ ਮੰਗ ਹੈ।



# ਡੇਢ ਲੱਖ ਰੁਪਏ ਰਿਸ਼ਵਤ ਲੈ ਕੇ ਹੈਰੋਇਨ ਸਮੱਗਲਰਾਂ ਨੂੰ ਛੱਡਿਆ

*** ਹਵਾਲਦਾਰ ਗ੍ਰਿਫਤਾਰ, 2 ਥਾਣੇਦਾਰ ਫਰਾਰ**




ਤਰਨ ਤਾਰਨ, 6 ਮਾਰਚ (ਪੋਸਟ ਬਿਊਰੋ)- ਪੰਜਾਬ ਪੁਲਸਦੀਆਂ ਕੁਝ ਕਾਲੀਆਂ ਭੇਡਾਂ ਕਰ ਕੇ ਪੂਰੇ ਪੁਲਸ ਵਿਭਾਗ ਨੂੰ ਨਮੋਸ਼ੀ ਝੱਲਣੀ ਪੈਂਦੀ ਹੈ। ਇਸ ਵਾਰੀ ਇਹੋ ਕੁਝ ਥਾਣਾ ਸਦਰ ਤਰਨ ਤਾਰਨ ਦੇ ਇੱਕ ਹਵਾਲਦਾਰ ਅਤੇ ਤਰਨ ਤਾਰਨ ਪੁਲਸ ਦੇ ਸੀ ਆਈ ਏ ਸਟਾਫ ਦੇ ਦੋ ਏ ਐਸ ਆਈਜ਼ ਨੇ ਕੀਤਾ ਹੈ, ਜਿਨ੍ਹਾਂ ਨੇ ਦੋ ਵੱਖ-ਵੱਖ ਕੇਸਾਂ ਵਿੱਚ ਇੱਕ ਲੱਖ 60 ਹਜ਼ਾਰ ਰੁਪਏ ਲੈ ਕੇ ਹੈਰੋਇਨ ਸਮੱਗਲਰਾਂ ਨੂੰ ਬਿਨਾਂ ਕਾਰਵਾਈ ਕਰਨ ਤੋਂ ਛੱਡ ਦਿੱਤਾ ਹੈ।

ਪਹਿਲੇ ਕੇਸ ਵਿੱਚ ਡੀ ਐਸ ਪੀਗੋਇੰਦਵਾਲ ਸਾਹਿਬ ਨੇ ਦੱਸਿਆ ਕਿ ਦੋ ਮਾਰਚ ਨੂੰ ਹਵਾਲਦਾਰ ਹਰਪਾਲ ਸਿੰਘ ਪਿੰਡ ਸੋਹਲ ਨੇ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਪਿੰਡ ਸੰਘੇ ਨੂੰ ਹੈਰੋਇਨ ਨਾਲ ਫੜਿਆ ਸੀ, ਪਰ ਉਸ ਨੇ ਉਚ ਅਧਿਕਾਰੀਆਂ ਨੂੰ ਇਸ ਬਾਰੇ ਨਹੀਂ ਦੱਸਿਆ ਤੇ ਗੁਰਜੀਤ ਸਿੰਘ ਉਰਫ ਗੀਤਾ ਅਤੇ ਮਨਪ੍ਰੀਤ ਸਿੰਘ ਉਰਫ ਮੰਨੂ ਵਾਸੀ ਰਸੂਲਪੁਰ ਨਾਲ ਮਿਲ ਕੇ ਇੱਕ ਲੱਖ 10 ਹਜ਼ਾਰ ਰੁਪਏ ਰਿਸ਼ਵਤ ਲੈ ਕੇ ਸ਼ਮਸ਼ੇਰ ਸਿੰਘ ਸ਼ੇਰਾ ਨੂੰ ਛੱਡ ਦਿੱਤਾ। ਹਵਾਲਦਾਰ ਹਰਪਾਲ ਸਿੰਘ ਨੇ ਰਿਸ਼ਵਤ ਦੇ ਪੈਸੇ ਗੀਤਾ ਐ ਮੰਨੂ ਨਾਲ ਮਿਲ ਕੇ ਆਪਸ ਵਿੱਚ ਵੰਡ ਲਏ ਅਤੇ ਹੈਰੋਇਨ ਆਪਣੇ ਕੋਲ ਰੱਖ ਲਈ।ਗੱਲ ਉਚ ਅਧਿਕਾਰੀਆਂ ਦੇ ਧਿਆਨ ਵਿੱਚ ਆਈ ਤਾਂ ਹਵਾਲਦਾਰ ਹਰਪਾਲ ਸਿੰਘ, ਗੁਰਜੀਤ ਸਿੰਘ ਉਰਫ ਗੀਤਾ, ਮਨਪ੍ਰੀਤ ਸਿੰਘ ਉਰਫ ਮੰਨੂ ਅਤੇ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਵਿਰੁੱਧ ਕੇਸ ਦਰਜ ਕਰ ਕੇ ਹੌਲਦਾਰ ਹਰਪਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦ ਕਿ ਬਾਕੀ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।

ਦੂਸਰੇ ਕੇਸ ਬਾਰੇ ਡੀ ਐੱਸ ਪੀ ਤਰਨ ਤਾਰਨ ਨੇ ਦੱਸਿਆ ਕਿ ਸੀ ਆਈ ਏ ਸਟਾਫ ਤਰਨ ਤਾਰਨ ਵਿੱਚ ਏ ਐਸ ਆਈ ਪ੍ਰਭਜੀਤ ਸਿੰਘ ਅਤੇ ਏ ਐਸ ਈ ਬਲਵਿੰਦਰ ਸਿੰਘ ਨੇ 25 ਫਰਵਰੀ ਨੂੰ ਝਬਾਲ ਏਰੀਏ ਦੀ ਗਸ਼ਤ ਮੌਕੇ ਲਵਪ੍ਰੀਤ ਸਿੰਘ ਪੁੱਤਰ ਰੁਲਦਾ ਸਿੰਘ ਅਤੇ ਭਿੰਦਰ ਸਿੰਘ ਪੁੱਤਰ ਬਾਰਾ ਸਿੰਘ ਦੋਵੇਂ ਪਿੰਡ ਕੋਟ ਧਰਮ ਚੰਦ ਕਲਾਂ ਨੂੰ ਹੈਰੋਇਨ ਅਤੇ ਇਲੈਕਟ੍ਰਾਨਿਕ ਕੰਡੇ ਨਾਲ ਫੜਿਆ ਸੀ, ਪ੍ਰੰਤੂ ਉਨ੍ਹਾਂ ਨੇ ਕੋਈ ਕਾਨੂੰਨੀ ਕਾਰਵਾਈ ਕਰਨ ਦੀ ਥਾਂ ਲਵਪ੍ਰੀਤ ਸਿੰਘ ਦੇ ਘਰ ਬੈਠ ਕੇ ਪੰਜਾਹ ਹਜ਼ਾਰ ਰੁਪਏ ਰਿਸ਼ਵਤ ਲੈ ਕੇ ਦੋਵਾਂ ਨੂੰ ਛੱਡ ਦਿੱਤਾ ਅਤੇ ਬਰਾਮਦ ਕੀਤੀ ਹੈਰੋਇਨ ਆਪਣੇ ਕੋਲ ਰੱਖ ਲਈ ਸੀ। ਏ ਐਸ ਆਈ ਪ੍ਰਭਜੀਤ ਸਿੰਘ, ਏ ਐਸ ਆਈ ਬਲਵਿੰਦਰ ਸਿੰਘ ਦੇ ਨਾਲ ਲਵਪ੍ਰੀਤ ਸਿੰਘ ਤੇ ਭਿੰਦਰ ਸਿੰਘ ਵਿਰੁੱਧ ਥਾਣਾ ਝਬਾਲ ਵਿੱਚ ਕੇਸ ਦਰਜ ਕਰ ਕੇ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਚੁੱਪ ਕੀਤੇ ਪਏ ਵੋਟਰ ਵੱਲ ਵੇਖ ਕੇ ਸਿਆਸੀ ਆਗੂਆਂ ਨੂੰ ਤਰੇਲੀਆਂ

*** ਘਰਾਂ ਉੱਤੇ ਤਿੰਨ-ਤਿੰਨ ਪਾਰਟੀਆਂ ਦੇ ਝੰਡੇ, ਉਮੀਦਵਾਰ ਭੰਬਲਭੂਸੇ ਵਿੱਚ**



ਲੰਬੀ, 6 ਮਾਰਚ (ਪੋਸਟ ਬਿਊਰੋ)- ਵਿਧਾਨ ਸਭਾ ਚੋਣਾਂ ਦੇ 10 ਮਾਰਚ ਨੂੰ ਆ ਰਹੇ ਨਤੀਜੇ ਬਾਰੇ ਆਮ ਵੋਟਰਾਂ ਦੀ ਚੁੱਪ ਨਾਲ ਸਿਆਸੀ ਲੀਡਰਾਂ ਨੂੰ ਤਰੇਲੀਆਂ ਆ ਰਹੀਆਂ ਹਨ। ਪੰਜਾਬ ਵਿੱਚ ਆਮ ਘਰਾਂ ਦੇ ਬੂਹੇ-ਬਨੇਰਿਆਂ ਉੱਤੇ ਕਈ-ਕਈ ਪਾਰਟੀਆਂ ਦੇ ਝੰਡੇਲੱਗੇ ਹੋਏ ਹੋਣ ਕਾਰਨ ਉਮੀਦਵਾਰ ਭੰਬਲਭੂਸੇ ਵਿੱਚ ਪਏ ਫਿਰਦੇ ਹਨ।

ਵੀ ਆਈ ਪੀ ਹਲਕਾ ਗਿਣੇ ਜਾਂਦੇ ਲੰਬੀ ਦੇ ਇੱਕ ਘਰ ਉੱਤੇ ਤਿੰਨ ਪਾਰਟੀਆਂ ਅਕਾਲੀ ਦਲ, ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਝੰਡੇ ਲੱਗੇ ਹਨ। ਉਸ ਘਰ ਵਾਲਿਆਂਨੇ ਦੱਸਿਆ ਕਿ ਜਿਹੜਾ ਆ ਗਿਆ, ਆਪਣੀ ਪਾਰਟੀ ਦਾ ਝੰਡਾ ਲਾ ਗਿਆ, ਅਸੀਂ ਕਿਸੇ ਨੂੰ ਨਾਂਹ ਨਹੀਂ ਕੀਤੀ, ਅਸੀਂ ਸੋਚਿਆ ਇਨ੍ਹਾਂ ਨੂੰ ਆਪਣੀ ਮਰਜ਼ੀ ਕਰ ਲੈਣ ਦਿਓ। ਬਟਨ ਦੱਬਣ ਲੱਗੇ ਅਸੀਂ ਆਪਣੀ ਮਰਜ਼ੀ ਕਰਾਂਗੇ। ਜਦੋਂ ਤਿੰਨਾਂ ਝੰਡਿਆਂ ਵਿੱਚੋਂ ਵੋਟ ਕਿਸੇ ਨੂੰ ਪਾਉਣ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ, 'ਚੰਗੇ ਬੰਦੇ ਨੂੰ ਵੋਟ ਪਾਈ ਏ।' ਚੰਗਾ ਪੁੱਛਿਆ ਤਾਂ ਉਨ੍ਹਾਂ ਕਿਹਾ, ''ਸਾਰੇ ਚੰਗੇ ਆ, ਅਸੀਂ ਕਿਸੇ ਨਾਲ ਕਿਉਂ ਵਿਗਾੜੀਏ, ਪਰ ਵੋਟ ਚੰਗੇ ਨੂੰ ਪਾਈ ਏ।'' ਨੇੜਲੇ ਘਰ ਵਿੱਚ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦੇ ਝੰਡੇ ਹਨ ਅਤੇ ਉਸ ਘਰ ਦੇ ਮਾਲਕ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਬਦਲਾਅ ਨੂੰ ਵੋਟ ਪਾਈ ਹੈ।

ਇਸ ਦੌਰਾਨ ਪੰਜਾਬਵਿੱਚ ਵੋਟਾਂ ਦੀ ਖਰੀਦੋ-ਫਰੋਖਤ ਦੀਆਂ ਪਰਤਾਂ ਵੀ ਹੌਲੀ-ਹੌਲੀ ਖੁੱਲ੍ਹ ਰਹੀਆਂ ਹਨ। ਕੁਝ ਥਾਈਂ ਕਈ ਵੋਟਰਾਂ ਨੇ ਇੱਕੋ ਪਾਰਟੀ ਤੋਂ ਦੋ-ਦੋ ਵਾਰ ਪੈਸੇ ਲੈਣਾ ਮੰਨਿਆ ਹੈ। ਇੱਕ ਆਗੂ ਨੇ ਕਿਹਾ ਕਿ ਵੋਟ ਖਰੀਦਣਾ ਵੀ ਧਾਰਾ 307 ਨਾਲੋਂ ਭੈੜਾ ਹੋ ਗਿਆ ਹੈ। ਕੁਝ ਲੋਕ ਨਾਲੇ ਵੋਟਾਂ ਦੇ ਪੈਸੇ ਲੈ ਗਏ ਤੇ ਨਾਲੇ ਮੋਬਾਈਲ ਵਿਖਾ ਕੇ ਡਰਾਵਾ ਦਿੰਦੇ ਰਹੇ ਕਿ ਉਹ ਇਹ ਵੀਡੀਓ ਸੋਸ਼ਲ ਮੀਡੀਆ ਉੱਤੇਵੀ ਪਾਉਣਗੇ।ਇਸ ਵਾਰ ਸਿਆਸੀ ਆਗੂਆਂ ਦੇ ਦਰਜੀਆਂ ਦਾ ਕੰਮ ਵੀ ਮੱਠਾ ਦੱਸਿਆ ਗਿਆ ਹੈ। ਜਿੱਤ ਜਾਣ ਦੇ ਭਰਮ ਵਾਲੇ ਉਮੀਦਵਾਰਾਂ ਦੇ ਮਨਾਂ ਵਿੱਚ ਐਤਕੀਂ ਚਾਅ ਤੋਂ ਵੱਧ ਡਰ ਦਿੱਸਦਾ ਹੈ। ਇਸ ਲਈ ਉਹ ਸਹੁੰ ਚੁੱਕਣ ਲਈ ਨਵੇਂ ਸੂਟ ਸਿਵਾਉਣ ਤੋਂ ਝਿਜਕ ਰਹੇ ਹਨ। ਇੱਕ ਦਰਜੀ ਨੇ ਕਿਹਾ ਕਿ ਇਸ ਵਾਰ ਉਮੀਦਵਾਰਾਂ ਵਿੱਚ ਨਤੀਜਿਆਂ ਬਾਰੇ ਪਹਿਲਾਂ ਵਾਲਾ ਚਾਅ ਨਹੀਂ ਦਿਖਾਈ ਦੇ ਰਿਹਾ।

# ਕਾਂਗਰਸੀ ਐੱਮ ਪੀ ਬਿੱਟੂ ਨੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਵੱਲ ਨਿਸ਼ਾਨਾ ਸੇਧਿਆ



ਚੰਡੀਗੜ੍ਹ, 6 ਮਾਰਚ (ਪੋਸਟ ਬਿਊਰੋ)- ਪੰਜਾਬ ਵਿੱਚ ਵੋਟਾਂ ਦੀ ਗਿਣਤੀ ਤੋਂ ਪਹਿਲਾਂ ਕਾਂਗਰਸ ਵਿੱਚਕਲੇਸ਼ ਫਿਰ ਵਧਣ ਲੱਗ ਪਿਆ ਹੈ। ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਆਪਣੀ ਪਾਰਟੀ ਦੇ ਸੀਨੀਅਰ ਨੇਤਾਵਾਂ ਉੱਤੇ ਦੋਸ਼ ਲਾਇਆ ਹੈ ਕਿ ਵੱਡੇ-ਵੱਡੇ ਅਹੁਦਿਆਂਵਾਲੇ ਨੇਤਾਵਾਂ ਨੇ ਪੰਜਾਬ ਵਿੱਚ ਪ੍ਰਚਾਰ ਨਹੀਂ ਕੀਤਾ ਤੇ ਆਪਣੇ ਹਲਕਿਆਂ ਤਕਸੀਮਤ ਰਹੇ ਹਨ। ਉਨ੍ਹਾਂ ਕਿਹਾ ਕਿ 10 ਮਾਰਚ ਨੂੰ ਵੋਟਾਂ ਦੀ ਗਿਣਤੀ ਪਿੱਛੋਂ ਉਹ ਇਸ ਬਾਰੇ ਖੁੱਲ੍ਹ ਕੇ ਬੋਲਣਗੇ।

ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਸੀਨੀਅਰ ਨੇਤਾਵਾਂ ਨੇ ਜੇ ਆਪੋ ਆਪਣੇ ਹਲਕਿਆਂ ਤੱਕ ਸੀਮਤ ਰਹਿਣਾ ਸੀ ਤਾਂ ਪਾਰਟੀ ਤੋਂ ਵੱਡੇ-ਵੱਡੇ ਅਹੁਦੇ ਕਿਉਂ ਲਏ ਸਨ। ਉਨ੍ਹਾਂ ਨੇ ਕਿਸੇ ਦਾ ਨਾਂਅ ਨਹੀਂ ਲਿਆ, ਪਰ ਇਨ੍ਹਾਂ ਦਾ ਇਸ਼ਾਰਾ ਸੂਬਾ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਕੈਂਪੇਨ ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ ਅਤੇ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਪ੍ਰਤਾਪ ਸਿੰਘ ਬਾਜਵਾ ਵੱਲ ਸੀ। ਕਾਂਗਰਸੀ ਨੇਤਾਵਾਂ ਵਿੱਚ ਜਿੱਦਾਂ ਬਿਆਨਬਾਜ਼ੀ ਚੱਲ ਰਹੀ ਹੈ, ਉਸ ਤੋਂ ਲੱਗ ਰਿਹਾ ਹੈ ਕਿ ਪਾਰਟੀ ਨੂੰ ਪੂਰਾ ਬਹੁਮਤ ਮਿਲਣ ਦੇ ਆਸਾਰ ਬਹੁਤ ਘੱਟ ਹਨ। ਇਨ੍ਹਾਂ ਚੋਣਾਂ ਵਿੱਚ ਕਮੇਟੀ ਦੇ ਪ੍ਰਦਰਸ਼ਨ ਤੇ ਨੇਤਾਵਾਂ ਦੀ ਸਰਗਰਮੀ ਨੂੰ ਲੈ ਕੇ ਸਵਾਲ ਖੜ੍ਹੇ ਹੋਣੇ ਸ਼ੁਰੂ ਹੋ ਗਏ ਹਨ।

# ਤਿੰਨ ਦੋਸਤਾਂ ਉਤੇ ਫਾਇਰਿੰਗ, ਇੱਕ ਨੌਜਵਾਨ ਦੀ ਮੌਤ

ਕਲਾਨੌਰ, 6 ਮਾਰਚ (ਪੋਸਟ ਬਿਊਰੋ)- ਕਸਬਾ ਵਡਾਲਾ ਬਾਂਗਰ ਦੀ ਚਿਕਨ ਸ਼ਾਪ ਉੱਤੇ ਬੈਠੇ ਤਿੰਨ ਦੋਸਤਾਂ ਉੱਤੇ ਛੇ ਦੇ ਕਰੀਬ ਨਕਾਬਪੋਸ਼ਾਂ ਨੇ ਗੋਲੀਆਂ ਚਲਾ ਦਿੱਤੀਆਂ ਤੇ ਦਾਤਰ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਨੌਜਵਾਨ ਦੀ ਮੌਤ ਹੋ ਗਈ, ਜਦ ਕਿ ਦੋ ਜਣਿਆਂ ਦੀ ਹਾਲਤ ਗੰਭੀਰ ਹੋਣ ਕਾਰਨ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਸ਼ਾਮ ਚਿਕਨ ਸ਼ਾਪ ਉੱਤੇ ਜਸਵੰਤ ਸਿੰਘ ਵਾਸੀ ਸ਼ਾਹਪੁਰ, ਗਗਨ ਵਾਸੀ ਪੰਡਵਾਂ ਤੇ ਦਲਜੀਤ ਸਿੰਘ ਵਾਸੀ ਢੇਸੀਆਂ ਬੈਠੇ ਹੋਏ ਸਨ। ਇਸੇ ਦੌਰਾਨ ਮੋਟਰ ਸਾਈਕਲਾਂ ਉੱਤੇ ਆਏ ਛੇ ਨਕਾਬਪੋਸ਼ਾਂ ਨੇ ਤਿੰਨਾਂ ਦੋਸਤਾਂ ਉੱਤੇ ਗੋਲੀਆਂ ਚਲਾ ਦਿੱਤੀਆਂ ਤੇ ਗਗਨ ਉੱਤੇ ਦਾਤਰਾਂ ਨਾਲ ਵਾਰ ਕੀਤੇ। ਇਸੇ ਦੌਰਾਨ ਜਸਵਿੰਦਰ ਸਿੰਘ ਹੈਪੀ ਵਾਸੀ ਸ਼ਾਹਪੁਰ ਨੂੰ ਗੋਲੀ ਲੱਗੀ, ਜਿਸ ਨੂੰ ਬਟਾਲਾ ਹਸਪਤਾਲ ਲਿਜਾਣ ਸਮੇਂ ਮੌਤ ਹੋ ਗਈ ਅਤੇ ਦਲਜੀਤ ਸਿੰਘ ਢੇਸੀਆਂ ਨੂੰ ਗੋਲੀ ਲੱਗਣ ਨਾਲ ਹਾਲਤ ਨਾਜ਼ੁਕ ਹੈ। ਉਸ ਨੂੰ ਅੰਮ੍ਰਿਤਸਰ ਹਸਪਤਾਲ ਦਾਖਲ ਕਰਾਇਆ ਹੈ। ਤੀਸਰਾ ਸਾਥੀ ਗਗਨ ਵੀ ਅੰਮ੍ਰਿਤਸਰ ਦੇ ਹਸਪਤਾਲ ਦਾਖਲ ਹੈ। ਪੁਲਸ ਚੌਕੀ ਵਡਾਲਾ ਬਾਂਗਰ ਨੇਇਲਾਕੇ ਦੀ ਨਾਕਾਬੰਦੀ ਕੀਤੀ ਗਈ ਹੈ।

# ਰੂਸ-ਯੂਕਰੇਨ ਯੁੱਧ ਬਣ ਸਕਦਾ ਹੈ ਪਰੇ ਵਿਸ਼ਵ ਲਈ ਵਿਨਾਸ਼- ਡਾ. ਸ਼ਿਵਰਾਜ ਸਿੰਘ

***ਐੱਨ.ਆਰ.ਆਈ ਨੂੰ ਪ੍ਰਵਾਸੀ ਪਰਿਭਾਸ਼ਾ ਨਾਲ ਜੋੜਿਆ ਨਾ ਜਾਵੇ- ਨਿਰਪਾਲ ਸਿੰਘ ਸ਼ੇਰਗਿੱਲ**
***ਹਰ ਮਸਲੇ ਦਾ ਹੱਲ ਲੜਾਈ ਨਹੀ ਹੁੰਦੀ- ਸਰਬੱਤ ਦੇ ਭਲੇ ਲਈ ਕੀਤੀ ਅਰਦਾਸ**



ਮੁੱਲਾਂਪੁਰ ਦਾਖਾ, 6 ਮਾਰਚ (ਗਿਆਨ ਸਿੰਘ)- ਅਮਰੀਕਾ ਆਪਣੇ ਵਪਾਰ ਅਤੇ ਸਿਆਸੀ ਹਿੱਤ ਲਈ ਰੂਸ-ਯੂਕਰੇਨ ਨੂੰ ਮੋਹਰਾ ਬਣਾਕੇ ਯੁੱਧ ਕਰਵਾ ਰਿਹਾ ਹੈ, ਜਿਸਦਾ ਪ੍ਰਭਾਵ ਪੂਰੇ ਵਿਸ਼ਵ 'ਤੇ ਪੈ ਰਿਹਾ ਹੈ। ਪੱਛਮੀ ਦੇਸ਼ ਯੂਕਰੇਨ ਨਾਲ ਮਿਲੇ ਹੋਏ ਹਨ ਅਤੇ ਹਥਿਆਰ ਦੇ ਰਹੇ ਹਨ ਤਾਂ ਕਿ ਰੂਸ ਨੂੰ ਘੇਰਿਆ ਜਾਵੇ। ਰੂਸ ਜਦੋਂ ਇਹ ਮਹਿਸੂਸ ਕਰੇਗਾ ਕਿ ਘਿਰ ਗਿਆ ਹਾਂ ਤਾਂ ਰੂਸ ਕੋਲ ਪ੍ਰਮਾਣੂ ਬੰਬ ਹਨ। ਜਿੰਨੇ ਪੂਰੇ ਦੇਸ਼ਾਂ ਕੋਲ ਹਨ ਉਹ ਪੂਰੇ ਰੂਸ ਕੋਲ ਹਨ। ਅਗਰ ਉਹ ਇਹਨਾਂ ਦੀ ਵਰਤੋਂ ਕਰੇਗਾ ਤਾਂ ਪੂਰੇ ਵਿਸ਼ਵ ਦਾ ਵਿਨਾਸ਼ ਹੋ ਜਾਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਾ. ਸ਼ਿਵਰਾਜ ਸਿੰਘ ਉੱਘੇ ਸਾਹਿਤਕਾਰ ਨੇ "ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ" ਵੱਲੋਂ ਕਰਵਾਏ 'ਪ੍ਰਵਾਸੀ ਪੰਜਾਬੀ ਅਤੇ ਅਜੋਕੇ ਹਲਾਤਾਂ' 'ਤੇ ਵਿਚਾਰ ਚਰਚਾ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਰੂਸ ਜਦੋਂ ਆਪਣੀ ਹੱਦ ਨੂੰ ਖਤਰਾ ਮਹਿਸੂਸ ਕਰੇਗਾ ਤਾਂ ਸਭ ਤੋਂ ਪਹਿਲਾਂ ਇੰਗਲੈਂਡ ਨੂੰ ਨਿਸ਼ਾਨਾ ਬਣਾਏਗਾ। ਉਹਨਾਂ ਵਾਹਿਗੁਰੂ ਨੂੰ ਅਰਦਾਸ ਕਰਦਿਆਂ ਕਿਹਾ ਕਿ ਇਹਨਾਂ ਲੀਡਰਾਂ ਨੂੰ ਪ੍ਰਮਾਤਮਾ ਬੁੱਧੀ ਬਖਸ਼ੇ ਅਤੇ ਆਪਸੀ ਮਿਲਵਰਤਨ ਕਰਕੇ ਆਪਸੀ ਸਮਝੌਤਾ ਕਰਨ ਤਾਂ ਜੋ ਮਨੁੱਖਤਾ ਦਾ ਘਾਣ ਨਾ ਹੋਵੇ। ਉੱਘੇ ਲਿਖਾਰੀ ਨਿਰਪਾਲ ਸਿੰਘ ਸ਼ੇਰਗਿੱਲ ਯੂ.ਕੇ ਨੇ ਕਿਹਾ ਕਿ ਜੇਕਰ ਪੰਜਾਬ ਵਿੱਚ ਬਾਹਰਲੇ ਰਾਜ ਤੋਂ ਕੋਈ ਮਜਦੂਰ ਮਜਦੂਰੀ ਕਰਨ ਆਉਂਦਾ ਹੈ ਤਾਂ ਉਸ ਨੂੰ ਪ੍ਰਵਾਸੀ ਮਜਦੂਰ ਦਾ ਦਰਜਾ ਦੇ ਦਿੱਤਾ ਜਾਂਦਾ ਹੈ। ਇਸ ਪਰਿਭਾਸ਼ਾ ਨੂੰ ਐੱਨ.ਆਰ.ਆਈ. ਨਾਲ ਨਾ ਜੋੜਿਆ ਜਾਵੇ ਕਿਉਕਿ ਵਿਦੇਸ਼ਾਂ ਵਿਚ ਬੈਠੇ ਐੱਨ.ਆਰ.ਆਈਜ ਦਾ ਮੋਹ ਭਾਰਤ ਦੀ ਮਿੱਟੀ ਨਾਲ ਹੈ ਅਤੇ ਆਪਣੇ ਵਤਨ ਦੇ ਬਹੁਪੱਖੀ ਵਿਕਾਸ ਲਈ ਐੱਨ.ਆਰ.ਆਈਜ ਨੇ ਮੀਲ ਪੱਥਰ ਸਾਬਤ ਕੀਤੇ ਹਨ। ਵਿਦੇਸ਼ਾਂ ਵਿਚ ਬੈਠਕੇ ਐੱਨ.ਆਰ.ਆਈਜ ਦੇਸ਼ ਦੀ ਇੱਜਤ ਸਨਮਾਨ ਬਹਾਲ ਰੱਖਦੇ ਹਨ, ਇਸੇ ਤਰਾਂ ਸਾਡੇ ਦੇਸ਼, ਸੂਬੇ ਅਤੇ ਜਿਲ੍ਹੇ ਵਿਚ ਵੀ ਸਨਮਾਨ ਬਰਕਰਾਰ ਰਹਿਣਾ ਚਾਹੀਦਾ ਹੈ।

ਕੌਮੀ ਪ੍ਰਧਾਨ ਕੇ.ਕੇ. ਬਾਵਾ ਨੇ ਕਿਹਾਕਿ ਹਰ ਮਸਲੇ ਦਾ ਹੱਲ ਲੜਾਈ ਨਹੀ ਹੁੰਦੀ। ਮਿਲ ਬੈਠਕੇ ਮੱਤਭੇਦ ਦੂਰ ਕਰਕੇ ਵਿਸ਼ਵ ਸ਼ਾਂਤੀ ਲਈ ਹਰ ਮਸਲੇ ਦਾ ਹੱਲ ਕੱਢਣਾ ਚਾਹੀਦਾ ਹੈ। ਉਹਨਾਂ ਇਸ ਮੌਕੇ ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਲਈ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈ ਕੇ ਅਰਦਾਸ ਕੀਤੀ ਤਾਂ ਜੋ ਵਿਸ਼ਵ ਵਿਚ ਸ਼ਾਂਤੀ ਬਹਾਲ ਹੋ ਜਾਵੇ ਅਤੇ ਯੁੱਧ ਦਾ ਮੰਡਰਾ ਰਿਹਾ ਖਤਰਾ ਸਦਾ ਲਈ ਟਲ ਜਾਵੇ। ਇਸ ਮੌਕੇ ਸ਼੍ਰੀ ਬਾਵਾ ਨੇ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਜਤਿੰਦਰ ਸਿੰਘ ਗਰੇਵਾਲ, ਅਮਰੀਕ ਸਿੰਘ, ਪ੍ਰਮਿੰਦਰ ਸਿੰਘ ਦਿਓਲ ਯੂ.ਐੱਸ.ਏ, ਹਰਦਿੱਤ ਸਿੰਘ ਗਦਰੀ ਬਾਬੇ ਦੇ ਸਪੁੱਤਰ ਗੁਰਦਿਆਲ ਸਿੰਘ, ਬੀਬੀ ਬਰਜਿੰ-ਦਰ ਕੌਰ, ਕਰਨਲ ਹਰਬੰਤ ਸਿੰਘ ਕਾਹਲੋਂ, ਬਾਦਲ ਸਿੰਘ ਸਿੱਧੂ, ਇੰਦਰਜੀਤ ਕੌਰ, ਪ੍ਰਿੰਸੀਪਲ ਬਲਦੇਵ ਬਾਵਾ, ਬਲਜੀਤ ਸਿੰਘ ਮਾਲਵਾ, ਗੁਲਸ਼ਨ ਬਾਵਾ, ਸੰਦੀਪ ਬਾਵਾ, ਨਰੇਸ਼ ਬਾਵਾ, ਕੁਲਦੀਪ ਬਾਵਾ, ਗੁਰਮੀਤ ਸਿੰਘ, ਬਿੱਟੂ ਬਾਵਾ, ਕਰਨੈਲ ਸਿੰਘ ਗਿੱਲ ਆਦਿ ਹਾਜਰ ਸਨ।

Steinmetz & Associates
PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਅਮਿੱਟ ਛਾਪ ਛੱਡ ਗਿਆ ਗੱਟੀ ਰਾਜੋਕੇ ਸਕੂਲ ਦਾ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਮੇਲਾ



ਫਿਰੋਜ਼ਪੁਰ 6 ਮਾਰਚ (ਗਿਆਨ ਸਿੰਘ) ਸਰਹੱਦੀ ਖੇਤਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਟੀ ਰਾਜੋ ਕੇ ਵਿੱਚ ਸਿੱਖਿਆ ਵਿਭਾਗ ਪੰਜਾਬ ਦੇ ਹੁਕਮਾਂ ਤਹਿਤ ਅੰਗਰੇਜ਼ੀ ਅਤੇ ਸਮਾਜਿਕ ਵਿ-ਗਿਆਨ ਮੇਲਾ ਪ੍ਰਿੰਸੀਪਲ ਡਾ. ਸਤਿੰਦਰ ਸਿੰਘ ਨੈਸ਼ਨਲ ਅਵਾਰਡੀ ਦੀ ਅਗਵਾਈ ਵਿੱਚ ਸਬੰਧਤ ਵਿਸ਼ੇ ਦੇ ਅਧਿਆਪਕ ਪ੍ਰਮਿੰਦਰ ਸਿੰਘ ਸੋਢੀ , ਸੰਦੀਪ ਕੁਮਾਰ , ਪ੍ਰਵੀਨ ਬਾਲਾ,ਕੰਚਨ ਬਾਲਾ, ਬਲਜੀਤ ਕੌਰ ਅਤੇ ਨੇਹਾ ਦੇ ਵਿਸ਼ੇਸ਼ ਯਤਨਾਂ ਸਦਕਾ ਲਗਾਇਆ ਗਿਆ।

ਅਧਿਆਪਕਾਂ ਵੱਲੋਂ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਦੀ ਪੜ੍ਹਾਈ ਨੂੰ ਰੋਚਕ ਅਤੇ ਪ੍ਰਭਾਵਸ਼ਾਲੀ ਬਨਾਉਣ ਦੇ ਉਦੇਸ਼ ਨਾਲ ਕੀਤੇ ਉਪਰਾਲੇ ਵਿੱਚ ਸਕੂਲ ਦੇ 6ਵੀ ਤੋ 12ਵੀ ਜਮਾਤ ਦੇ 200 ਤੋ ਵੱਧ ਵਿਦਿਆਰਥੀਆਂ ਨੇ ਦਿਲ ਖਿਚਵੇ ਚਾਰਟ, ਵਰਕਿੰਗ ਮਾਡਲ ਤਿਆਰ ਕਰਕੇ ਜਾਣਕਾਰੀ ਮੁਹੱਈਆ ਕਰਵਾਈ ਅਤੇ ਰੋਲ ਪਲੇਅ ,ਭਾਸ਼ਣ ਮੁਕਾਬਲੇ ,ਗੀਤਾਂ ,ਕਵਿਤਾਵਾਂ ਅਤੇ ਸਕਿੱਟ ਰਾਹੀ ਵਿਸ਼ੇ ਨਾਲ ਸਬੰਧਤ ਗਿਆਨ ਰੋਚਕ ਤਰੀਕੇ ਨਾਲ ਸਰੋਤਿਆਂ ਸਾਹਮਣੇ ਪੇਸ਼ ਕਰਕੇ ਖੂਬ ਪ੍ਰਸੰਸਾ ਖੱਟੀ ।

ਡਾ. ਸਤਿੰਦਰ ਸਿੰਘ ਨੇ ਅਧਿਆਪਕਾਂ ਵੱਲੋਂ ਕੀਤੇ ਉਪਰਾਲੇ ਦੀ ਪ੍ਰਸੰਸਾ ਕਰਦਿਆ ਕਿਹਾ ਕਿ ਅਜਿਹੇ ਮੇਲੇ ਜਿੱਥੇ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਦੇ ਹਨ ਅਤੇ ਆਤਮ ਵਿਸ਼ਵਾਸ਼ ਪੈਦਾ ਕਰਦੇ ਹਨ, ਉੱਥੇ ਉਹਨਾਂ ਨੂੰ ਤਾਜ਼ਾ ਜਾਣਕਾਰੀ ਨਾਲ ਵੀ ਜੋੜਦੇ ਹਨ। ਉਹਨਾਂ ਦੱਸਿਆ ਕਿ ਇਸ ਮੇਲੇ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਸਮੂਹ ਵਿਦਿਆਰਥੀਆਂ ਦੇ ਨਾਲ-ਨਾਲ ਸਕੂਲ ਦੇ ਸਾਰੇ ਹੀ ਮਿਹਨਤੀ ਅਧਿਆਪਕਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

ਮੰਚ ਸੰਚਾਲਨ ਦੀ ਭੂਮਿਕਾ ਮੇਲੇ ਦੇ ਇੰਚਾਰਜ ਪ੍ਰਮਿੰਦਰ ਸਿੰਘ ਸੋਢੀ ਨੇ ਬਾਖੂਬੀ ਨਿਭਾਈ ਅਤੇ ਧੰਨਵਾਦੀ ਸ਼ਬਦ ਵੀ ਕਹੇ।



ਇਸ ਮੌਕੇ ਅਮਿਤ ਨਾਰੰਗ ਬੀ ਐਮ ਤੋ ਇਲਾਵਾ ਸਕੂਲ ਸਟਾਫ ਸ਼੍ਰੀਮਤੀ ਗੀਤਾ,ਮਿਸ ਪ੍ਰਿਯੰਕਾ ਜੋਸ਼ੀ, ਗੁਰਪ੍ਰੀਤ ਕੌਰ ,ਸ਼੍ਰੀਮਤੀ ਵਿਜੈ ਭਾਰਤੀ ,ਪਰਮਿੰਦਰ ਸਿੰਘ ਸੋਢੀ ,ਸ੍ਰੀ ਪ੍ਰਿਤਪਾਲ ਸਿੰਘ ,ਸੰਦੀਪ ਕੁਮਾਰ ,ਮਨਦੀਪ ਸਿੰਘ, ਵਿਸ਼ਾਲ ਗੁਪਤਾ, ਅਰੁਣ ਕੁਮਾਰ ,ਦਵਿੰ-ਦਰ ਕੁਮਾਰ, ਪ੍ਰਵੀਨ ਬਾਲਾ , ਸ੍ਰੀਮਤੀ ਕੰਚਨ, ਸ੍ਰੀਮਤੀ ਬਲਜੀਤ ਕੌਰ ,ਨੇਹਾ ਕਾਮਰਾ,ਮਹਿਮਾ ਕਸ਼ਅਪ, ਆਂਚਲ ਮਨਚੰਦਾ, ਮਿਸ ਨੈਨਸੀ ,ਸ੍ਰੀ ਗੁਰਪਿੰਦਰ ਸਿੰਘ ,ਸ੍ਰੀਮਤੀ ਸ਼ਵੇਤਾ ਅਰੋੜਾ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਯੂਕਰੇਨ ਤੋਂ ਪਰਤੇ ਵਿਦਿਆਰਥੀ ਭਾਰਤ ਵਿੱਚ ਇੰਟਰਨਸ਼ਿਪ ਪੂਰੀ ਕਰ ਸਕਣਗੇ

* ਮੈਡੀਕਲ ਕਾਲਜ ਇਨ੍ਹਾਂ ਵਿਦਿਆਰਥੀਆਂ ਤੋਂ ਫੀਸ ਨਹੀਂ ਲੈਣਗੇ



ਨਵੀਂ ਦਿੱਲੀ, 6 ਮਾਰਚ (ਪੋਸਟ ਬਿਊਰੋ)- ਯੂਕਰੇਨ ਵਿੱਚ ਪੈਦਾ ਹੋਏ ਸੰਕਟ ਦੌਰਾਨ ਕੌਮੀ ਮੈਡੀਕਲ ਕਮਿਸ਼ਨ (ਐਨ ਐਮ ਸੀ) ਨੇ ਕਿਹਾ ਹੈ ਕਿ ਕੋਰੋਨਾ ਜਾਂ ਜੰਗ ਕਾਰਨ ਬਣੇ ਜੰਗ ਦੇ ਹਾਲਾਤ ਕਾਰਨ ਓਥੋਂ ਇੰਟਰਨਸ਼ਿਪ ਪੂਰੀ ਨਾ ਕਰ ਸਕੇ ਵਿਦੇਸ਼ੀ ਮੈਡੀਕਲ ਗ੍ਰੈਜੂਏਟ ਵਿਦਿਆਰਥੀ ਆਪਣੀ ਇੰਟਰਨਸ਼ਿਪ ਭਾਰਤ ਵਿੱਚ ਪੂਰੀ ਕਰ ਸਕਦੇ ਹਨ।

ਐਨ ਐਮ ਸੀ ਨੇ ਇੱਕ ਸਰਕੂਲਰ ਵਿੱਚ ਕਿਹਾ ਹੈ ਕਿ ਸੂਬਾ ਮੈਡੀਕਲ ਕੌਂਸਲਾਂ ਵੀ ਇਸ ਦਾ ਪਾਲਣ ਕਰਨਗੀਆਂ, ਪਰ ਵਿਦਿਆਰਥੀਆਂ ਨੂੰ ਭਾਰਤ ਵਿੱਚ ਇੰਟਰਨਸ਼ਿਪ ਪੂਰੀ ਕਰਨ ਲਈ ਅਪਲਾਈ ਕਰਨ ਤੋਂ ਪਹਿਲਾਂ ਨੈਸ਼ਨਲ ਪ੍ਰੀਖਿਆ ਬੋਰਡ (ਐਨ ਬੀ ਈ) ਵੱਲੋਂ ਕਰਵਾਈ ਗਈ ਵਿਦੇਸ਼ੀ ਮੈਡੀਕਲ ਗਰੈਜੂਏਟ ਪ੍ਰੀਖਿਆ (ਐਫ ਐਮ ਜੀ ਈ) ਪਾਸ ਕਰਨੀ ਜ਼ਰੂਰੀ ਹੈ। ਜੇ ਵਿਦਿਆਰਥੀ ਇਹ ਮਾਪਦੰਡ ਪੂਰੇ ਕਰਨਗੇ ਤਾਂ ਸੂਬਾ ਮੈਡੀਕਲ ਕੌਂਸਲ 12 ਮਹੀਨੇ ਜਾਂ ਬਾਕੀ ਦੀ ਰਹਿੰਦੀ ਇੰਟਰਨਸ਼ਿਪ ਲਈ ਰਜਿਸਟਰੇਸ਼ਨ ਦਾ ਬਦਲ ਪੇਸ਼ ਕਰ ਸਕਦੇ ਹਨ।

ਇਸ ਸਰਕੂਲਰ ਮੁਤਾਬਕ "ਕੁਝ ਅਜਿਹੇ ਵਿਦੇਸ਼ੀ ਵਿਦਿਆਰਥੀ, ਜਿਨ੍ਹਾਂ ਦੀ ਇੰਟਰਨਸ਼ਿਪ ਕੋਰੋਨਾ ਮਹਾਮਾਰੀ ਜਾਂ ਜੰਗ ਦੇ ਔਖੇ ਹਾਲਾਤ ਕਾਰਨ ਪੂਰੀ ਨਹੀਂ ਹੋ ਸਕੀ, ਉਨ੍ਹਾਂ ਵਿਦੇਸ਼ੀ ਮੈਡੀਕਲ ਵਿਦਿਆਰਥੀਆਂ ਦੀਆਂ ਪ੍ਰੇਸ਼ਾਨੀਆਂ ਅਤੇ ਉਨ੍ਹਾਂ ਉੱਤੇ ਦਬਾਅ ਨੂੰ ਦੇਖ ਕੇ ਭਾਰਤ ਵਿੱਚ ਇੰਟਰਨਸ਼ਿਪ ਕਰਨ ਲਈ ਉਨ੍ਹਾਂ ਦੀਆਂ ਅਰਜ਼ੀਆਂ ਮੰਨੀਆਂ ਜਾਣਗੀਆਂ।" ਇਸ ਨਾਲ ਉਨ੍ਹਾਂ ਮੈਡੀਕਲ ਵਿਦਿਆਰਥੀਆਂ ਨੂੰ ਲਾਭ ਮਿਲੇਗਾ, ਜਿਹੜੇ ਯੂਕਰੇਨ ਦੇ ਕਾਲਜਾਂ ਵਿੱਚ ਮੈਡੀਕਲ ਕਰਦੇ ਸਨ, ਪਰ ਉਥੇ ਪੈਦਾ ਹੋਏ ਸੰਕਟ ਕਾਰਨ ਉਨ੍ਹਾਂ ਨੂੰ ਪੜ੍ਹਾਈ ਛੱਡ ਕੇ ਭਾਰਤ ਆਉਣਾ ਪਿਆ ਹੈ। ਐਨ ਐਮ ਸੀ ਨੇ ਕਿਹਾ ਕਿ ਸੂਬਾ ਮੈਡੀਕਲ ਕੌਂਸਲਾਂ ਵੱਲੋਂ ਮੈਡੀਕਲ ਕਾਲਜਾਂ ਤੋਂ ਇਹ ਲਿਖਤੀ ਰੂਪ ਵਿੱਚ ਲੈ ਲਿਆ ਜਾਵੇਗਾ ਕਿ ਉਹ ਇੰਟਰਨਸ਼ਿਪ ਪੂਰੀ ਕਰਾਉਣ ਲਈ ਕੋਈ ਵੀ ਫੀਸ ਨਹੀਂ ਲੈਣਗੇ।

# ਆਈ ਐਸ ਵਾਲਿਆਂ ਨੇ ਮਸਜਿਦ ਉੱਤੇ ਹਮਲੇ ਦੀ ਜ਼ਿੰਮੇਵਾਰੀ ਲਈ

* ਆਤਮਘਾਤੀ ਧਮਾਕੇ ਦੇ ਮ੍ਰਿਤਕਾਂ ਦੀ ਗਿਣਤੀ 62 ਹੋਈ

ਪਿਸ਼ਾਵਰ, 6 ਮਾਰਚ (ਪੋਸਟ ਬਿਊਰੋ)- ਅੱਤਵਾਦੀ ਜਥੇਬੰਦੀ ਇਸਲਾਮਿਕ ਸਟੇਟ (ਆਈ ਐਸ ਖੁਰਾਸਾਨ) ਨੇ ਪਿਛਲੇ ਸ਼ੁੱਕਰਵਾਰ ਨੂੰ ਪਾਕਿਸਤਾਨ ਦੇ ਪਿਸ਼ਾਵਰ ਦੇ ਕਿੱਸਾ ਖਵਾਨੀ ਬਾਜ਼ਾਰ ਦੀ ਸ਼ੀਆ ਮਸਜਿਦ ਵਿੱਚ ਹੋਏ ਆਤਮਘਾਤੀ ਹਮਲੇ ਦੀ ਜ਼ਿੰਮੇਵਾਰੀ ਲੈ ਲਈ ਹੈ।ਸ਼ੁੱਕਰਵਾਰ ਨੂੰ ਜੁੰਮੇ ਦੀ ਨਮਾਜ਼ ਦੌਰਾਨ ਹੋਏ ਇਸ ਆਤਮਘਾਤੀ ਬੰਬ ਧਮਾਕੇ ਵਿੱਚ ਜ਼ਖਮੀ ਹੋਏ ਕੁਝ ਹੋਰ ਲੋਕਾਂ ਦੀ ਮੌਤ ਤੋਂ ਬਾਅਦ ਮ੍ਰਿਤਕਾਂ ਦੀ ਗਿਣਤੀ 62 ਹੋ ਗਈ ਹੈ।

ਆਈ ਐਸ ਨਾਲ ਜੁੜੇ ਇਸ ਸੰਗਠਨ ਦਾ ਹੈਡਕੁਆਰਟਰ ਅਫਗਾਨਿਸਤਾਨ ਵਿੱਚ ਦੱਸਿਆ ਜਾਂਦਾ ਹੈ। ਪਾਕਿਸਤਾਨ ਦੇ ਗ੍ਰਹਿ ਮੰਤਰੀ ਸ਼ੇਖ਼ ਰਾਸ਼ਿਦ ਅਹਿਮਦ ਨੇ ਕਿਹਾ ਕਿ ਖੈਬਰ ਪਖਤੂਨਖਵਾ ਪੁਲਸ ਅਤੇ ਜਾਂਚ ਏਜੰਸੀਆਂ ਨੇ ਹਮਲੇ ਨਾਲ ਜੁੜੇ ਤਿੰਨ ਸ਼ੱਕੀਆਂ ਦੀ ਪਛਾਣ ਕਰ ਲਈ ਹੈ। ਟਵਿੱਟਰ ਉੱਤੇ ਇੱਕ ਵੀਡੀਓ ਸੰਦੇਸ਼ ਵਿੱਚ ਅਹਿਮਦ ਨੇ ਕਿਹਾ ਕਿ ਪੁਲਸ ਅਤੇ ਜਾਂਚ ਏਜੰਸੀਆਂ ਇੱਕ ਜਾਂ ਦੋ ਦਿਨਾਂ ਵਿੱਚ ਸ਼ੱਕੀਆਂ ਤਕ ਪਹੁੰਚ ਜਾਣਗੀਆਂ। ਲੇਡੀ ਰੀਡਿੰਗ ਹਸਪਤਾਲ ਦੇ ਬੁਲਾਰੇ ਆਸਿਮ ਖਾਨ ਨੇ ਦੱਸਿਆ ਕਿ ਪੰਜ ਜ਼ਖਮੀਆਂ ਦੀ ਮੌਤ ਤੋਂ ਬਾਅਦ ਮ੍ਰਿਤਕਾਂ ਦੀ ਗਿਣਤੀ 62 ਹੋ ਗਈ ਹੈ।



# ਪਾਕਿਸਤਾਨ ਐਫ ਏ ਟੀ ਐਫ ਦੀ ਗਰੇਅ ਸੂਚੀ ਵਿੱਚ ਹੀ ਰਹੇਗਾ



ਪੈਰਿਸ, 6 ਮਾਰਚ (ਪੋਸਟ ਬਿਊਰੋ)- ਮਨੀ ਲਾਂਡਰਿੰਗ ਤੇ ਟੈਰੇਰਿਸਟ ਫੰਡਿੰਗ ਬਾਰੇ ਵਾਧੂ ਸ਼੍ਰੇਣੀ ਤਹਿਤ ਨਿਰਧਾਰਤ ਕੁਝ ਟੀਚੇ ਪੂਰਾ ਕਰਨ ਵਿੱਚ ਅਸਫਲ ਰਹਿਣ ਕਾਰਨ ਪਾਕਿਸਤਾਨ ਨੂੰ ਐਫ ਏ ਟੀ ਐਫ ਦੀ ਗਰੇਅ ਸੂਚੀ ਵਿੱਚ ਹੀ ਰੱਖਿਆ ਗਿਆ ਹੈ ਅਤੇ ਹਾਲੇ ਉਸ ਦੇ ਬਾਹਰ ਨਿਕਲ ਸਕਣ ਦੀ ਕੋਈ ਗੁੰਜਾਇਸ਼ ਨਹੀਂ।

ਪੈਰਿਸ ਵਿਚਲਾ ਫਾਇਨੈਂਸ਼ੀਅਨ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਮਨੀ ਲਾਂਡਰਿੰਗ ਅਤੇ ਟੈਰੇਰਿਸਟ ਫੰਡਿੰਗ ਦੀ ਨਿਗਾਰਨੀ ਕਰਨ ਵਾਲੀ ਗਲੋਬਲ ਸੰਸਥਾ ਹੈ। ਪਾਕਿਸਤਾਨ ਜੂਨ 2018 ਤੋਂ ਉਸ ਗਲੋਬਲ ਸੰਸਥਾ ਦੀ ਗਰੇਅ ਸੂਚੀ ਵਿੱਚ ਹੈ ਅਤੇ ਉਸ ਨੂੰ ਅਕਤੂਬਰ 2019 ਤਕ ਤੈਅ ਟੀਚੇ ਪੂਰੇ ਕਰਨ ਲਈ ਕਾਰਜ ਯੋਜਨਾ ਦਿੱਤੀ ਗਈ ਸੀ। ਇਸ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਪਾਕਿ ਜਨਵਰੀ 2023 ਦੇ ਅੰਤ ਤਕ ਮਨੀ ਲਾਂਡਰਿੰਗ ਅਤੇ ਟੈਰੇਰਿਸਟ ਫੰਡਿੰਗ ਨਾਲ ਨਜਿੱਠਣ ਦੀ ਕਾਰਜ ਯੋਜਨਾ ਪੂਰਾ ਕਰਨ ਲਈ ਕੰਮ ਕਰ ਰਿਹਾ ਹੈ। ਅਕਤੂਬਰ 2021 ਵਿੱਚ ਹੋਈ ਬੈਠਕ ਵਿੱਚ ਐਫ ਏ ਟੀ ਐਫ ਨੇ ਆਪਣੀ 27 ਸੂਤਰੀ ਯੋਜਨਾ ਦੇ 26 ਨੁਕਤਿਆਂ ਬਾਰੇ ਪਾਕਿਸਤਾਨ ਦੀ ਪ੍ਰਗਤੀ ਦੀ ਗੱਲ ਮੰਨੀ ਸੀ, ਪਰ ਯੂ ਐਨ ਵੱਲੋਂ ਪਾਬੰਦੀਸ਼ੁਦਾ ਦਹਿਸ਼ਤਗਰਦਾਂ ਦੇ ਗਰੁੱਪਾਂ ਦੇ ਵੱਡੇ ਆਗੂਆਂ ਖਿਲਾਫ ਟੈਰੇਰਿਸਟ ਫੰਡਿੰਗ ਦੀ ਜਾਂਚ ਅਤੇ ਕੇਸ ਚਲਾਉਣ ਬਾਰੇ ਇਸ ਸੰਸਥਾ ਨੇ ਪਾਕਿ ਨੂੰ ਆਪਣੀ ਉਚ ਨਿਗਰਾਨੀ ਵਾਲੀ ਸੂਚੀ ਗ੍ਰੇਅ ਸੂਚੀ ਵਿੱਚ ਹੀ ਰੱਖਿਆ ਹੈ।

ਗ੍ਰੇਅ ਸੂਚੀ ਵਿੱਚ ਬਣੇ ਰਹਿਣ ਨਾਲ ਪਾਕਿਸਤਾਨ ਲਈ ਕੌਮਾਂਤਰੀ ਕਰੰਸੀ ਫੰਡ (ਆਈ ਐਮ ਐਫ), ਵਿਸ਼ਵ ਬੈਂਕ, ਏਸ਼ੀਆਈ ਵਿਕਾਸ ਬੈਂਕ (ਏ ਡੀ ਬੀ) ਤੇ ਯੂਰਪੀ ਯੂਨੀਅਨ ਤੋਂ ਫੰਡ ਲੈਣਾ ਔਖਾ ਹੈ। ਐਫ ਏ ਟੀ ਐਫ ਦੇ ਫੈਸਲੇ ਬਾਰੇ ਊਰਜਾ ਮੰਤਰੀ ਹਾਮਿਦ ਅਜ਼ਹਰ ਨੇ ਕਿਹਾ ਕਿ ਪਾਕਿਸਤਾਨ ਰਹਿੰਦੇ ਟੀਚੇ ਜਲਦੀ ਪੂਰੇ ਕਰ ਲਵੇਗਾ।

# ਪੰਜਾਬ ਦੇ ਕੋਲੇ ਵਿੱਚ ਮਿਲਾਵਟ ਕਰਨ ਵਾਲਾ ਗਿਰੋਹ ਫੜ੍ਹਿਆ

* ਇੱਕ ਸਾਲ ਤੋਂ ਮਿਲਾਵਟ ਜਾਰੀ,7 ਜਣੇ ਗ੍ਰਿਫਤਾਰ


ਜੈਪੁਰ, 6 ਮਾਰਚ (ਪੋਸਟ ਬਿਊਰੋ)- ਰਾਜਸਥਾਨ ਦੇ ਨਾਗੌਰ ਜ਼ਿਲ੍ਹੇ ਵਿੱਚ ਕੋਲੇ ਵਿੱਚ ਮਿਲਾਵਟ ਕਰਨ ਵਾਲਾ ਇੱਕ ਗੈਂਗ ਫੜਿਆ ਗਿਆ ਹੈ। ਇਹ ਗੈਂਗ ਗੁਜਰਾਤ ਤੋਂ ਉਤਰ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿੱਚ ਸਪਲਾਈ ਕੀਤੇ ਜਾਂਦੇ ਮਹਿੰਗੇ ਕੋਲੇ ਵਿੱਚ ਸਸਤੇ ਕੋਲੇ ਦੀ ਮਿਲਾਵਟ ਕਰ ਕੇ ਉਸ ਤੋਂ ਕਾਫੀ ਕਮਾਈ ਕਰਦਾ ਸੀ। ਪੁਲਸ ਅਨੁਸਾਰ ਇਹ ਗਿਰੋਹ ਇੱਕ ਸਾਲ ਤੋਂ ਇਹ ਕੰਮ ਕਰ ਰਿਹਾ ਸੀ। ਇਸ ਮਾਮਲੇ ਵਿੱਚ ਸੱਤ ਲੋਕ ਗ੍ਰਿਫਤਾਰ ਕੀਤੇ ਗਏ ਹਨ।

ਸ਼ੁੱਕਰਵਾਰ ਦੇਰ ਸ਼ਾਮ ਪੁਲਸ ਟੀਮ ਨੇ ਖੀਂਵਸਰ ਇਲਾਕੇ ਵਿੱਚ ਛਾਪਾ ਮਾਰ ਕੇ 7 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੇ ਦੱਸਣ ਉੱਤੇ ਪੋਕ-ਲੇਨ ਮਸ਼ੀਨ, ਕਰੇਨ, ਟ੍ਰੇਲਰ ਅਤੇ 124 ਟਨ ਕੋਲਾ ਵੀ ਜ਼ਬਤ ਕੀਤਾ ਗਿਆ ਹੈ। ਨੈਸ਼ਨਲ ਹਾਈਵੇ-62 ਦੇ ਰਜਤ ਚੌਰਾਹੇ ਉੱਤੇ ਛਾਪਾ ਮਾਰਿਆ ਗਿਆਤਾਂ ਗੁਜਰਾਤ ਤੋਂ ਆਏ ਟ੍ਰੇਲਰ ਦੀ ਪੈਕਿੰਗ ਪੋਕਲੇਨ ਮਸ਼ੀਨ ਦੀ ਮਦਦ ਨਾਲ ਤੋੜ ਕੇ ਕੋਲਾ ਖਾਲੀ ਕੀਤਾ ਜਾ ਰਿਹਾ ਸੀ। ਇਸ ਦੇ ਨਾਲ ਗੈਂਗ ਦੇ ਲੋਕ ਇਸ ਵਿੱਚ ਸਸਤਾ ਕੋਲਾ ਮਿਲਾ ਰਹੇ ਸਨ।ਇਹ ਗੈਂਗ ਹਰ ਦੋ ਟ੍ਰੇਲਰ ਮਹਿੰਗੇ ਕੋਲੇ ਵਿੱਚ ਇੱਕ ਟਰੱਕ ਸਸਤਾ ਕੋਲਾ ਪਾਉਂਦਾ ਸੀ। ਗਿਰੋਹ ਨੂੰ ਹਰ ਟ੍ਰੇਲਰ ਉੱਤੇ ਕਰੀਬ ਚਾਰ ਲੱਖ ਰੁਪਏ ਕਮਾਈ ਹੁੰਦੀ ਸੀ। ਪੁਲਸ ਨੇ ਗਿਰੋਹ ਦੇ ਧਨਰਾਜ ਜਾਟ, ਸੰਦੀਪ, ਰਾਜੇਸ਼ ਜਾਟ, ਕੁਲਦੀਪ ਸਿੰਘ, ਅਵਣ ਸਿੰਘ, ਗੁਰ-ਦੇਵ ਸਿੰਘ ਤੇ ਰਾਜੂ ਰਾਮ ਨੂੰ ਗ੍ਰਿਫਤਾਰ ਕੀਤਾ ਹੈ। ਪੁੱਛਗਿੱਛ ਵਿੱਚ ਸਾਹਮਣੇ ਆਇਆ ਹੈ ਕਿ ਇਹ ਗਿਰੋਹ ਹਰ ਮਹੀਨੇ ਕਰੀਬ ਪੰਜਾਹ ਲੱਖ ਰੁਪਏ ਤਕ ਦੇ ਕੋਲੇ ਦੀ ਮਿਲਾਵਟ ਕਰਦਾ ਸੀ।

ਗੁਜਰਾਤ ਤੋਂ ਕਾਫੀ ਚੰਗੀ ਕਿਸਮਦਾ ਮਹਿੰਗਾ ਕੋਕਪੀਟ ਕੋਲਾ ਪੰਜਾਬ ਆਉਂਦਾ ਹੈ। ਇਸ ਵਿੱਚ ਮਿਲਾਵਟ ਲਈ ਗਿਰੋਹ ਦੇ ਮੈਂਬਰ ਇੰਡੋਨੇਸ਼ੀਆ ਤੋਂ ਕੋਲਾ ਮੰਗਵਾਉਂਦੇ ਸਨ, ਜੋ ਸਸਤਾ ਹੁੰਦਾ ਹੈ। ਇਸ ਦੀ ਕਿਸਮ ਵੀ ਖਰਾਬ ਹੈ। ਇਸ ਨੂੰ ਵਧੀਆ ਕਵਾਲਿਟੀ ਵਾਲੇ ਕੋਲੇ ਵਿੱਚ ਮਿਲਾ ਕੇ ਵੇਚਦੇ ਸਨ। ਗੁਜਰਾਤ ਦੇ ਭਾਵਨਗਰ ਤੋਂ ਜਦ ਕੋਲਾ ਰਵਾਨਾ ਹੁੰਦਾ ਤਾਂ ਟ੍ਰੇਲਰ ਨੂੰ ਚਾਰਾਂ ਪਾਸਿਓਂ ਤਰਪਾਲ ਨਾਲ ਸੀਲ ਕੀਤਾ ਜਾਂਦਾ ਸੀ, ਪ੍ਰੰਤੂ ਗਿਰੋਹ ਦੇ ਮੈਂਬਰ ਟ੍ਰੇਲਰ ਰਵਾਨਾ ਹੁੰਦਾ ਸਮੇਂ ਸੀਲ ਹਟਾ ਦਿੰਦੇ ਅਤੇ ਇਸ ਦੇ ਬਾਅਦ ਆਪਣੀ ਬਣਾਈ ਗਈ ਹੂ-ਬ-ਹੂ ਨਕਲੀ ਸੀਲ ਲਾ ਦਿੰਦੇ ਸਨ।

# ਚੀਨੀ ਰਾਕੇਟ ਦੇ ਮਲਬੇ ਦਾ ਟੁਕੜਾ ਚੰਦ ਨਾਲ ਟਕਰਾਇਆ

ਵਾਸ਼ਿੰਗਟਨ, 6 ਮਾਰਚ (ਪੋਸਟ ਬਿਊਰੋ)- ਸੱਤ ਸਾਲ ਦੇ ਪੁਲਾੜ ਓਡੀਸੀ ਦੇ ਬਾਅਦ ਚੀਨੀ ਰਾਕੇਟ ਦੇ ਮਲਬੇ ਦਾ ਤਿੰਨ ਟਨ ਦਾ ਟੁਕੜਾ ਚੰਦ ਉੱਤੇ ਡਿੱਗਿਆ ਹੈ, ਜਿਸ ਨਾਲ ਉਸ ਦੀ ਸਤ੍ਹਾ ਉੱਤੇ 65 ਫੁੱਟ ਚੌੜਾ ਟੋਆ ਬਣ ਗਿਆ। ਮਾਹਰਾਂ ਦੇ ਅਨੁਸਾਰ ਇਹ ਪ੍ਰੋਗਰਾਮ ਸ਼ੁੱਕਰਵਾਰ ਨੂੰ ਚੰਦ ਉੱਤੇ ਸਵੇਰੇ 7.25 ਵਜੇ ਈ ਐਸ ਟੀ ਉੱਤੇ ਹੋਇਆ। ਇਸਦੇ ਫਲਸਰੂਪ ਨਾਸਾ ਦਾ ਲੂਨਰ ਟੋਹੀ ਆਰਬੀਟਰ ਹਾਦਸੇ ਉੱਤੇ ਇੱਕ ਨਜ਼ਰ ਨਹੀਂ ਪਾ ਸਕਿਆ।



ਲੂਨਰ ਰਿਕੋਨਾਇਸੈਂਸ ਆਰਬੀਟਰ ਮਿਸ਼ਨ ਦੇ ਡਿਪਟੀ ਪ੍ਰੋਜੈਕਟ ਸਾਇੰਟਿਸਟ ਨੇ ਇੱਕ ਬਿਆਨ ਵਿੱਚ 'ਦ ਵਰਜ' ਨੂੰ ਈ-ਮੇਲ ਕੀਤੀ, "ਅਸੀਂ ਯਕੀਨੀ ਰੂਪ ਵਿੱਚ ਇੰਪੈਕਟ ਕ੍ਰੇਟਰ ਨੂੰ ਲੱਭਣ ਵਿੱਚ ਰੁਚੀ ਰੱਖਦੇ ਹਾਂ ਤੇ ਅਗਲੇ ਹਫਤਿਆਂ ਤੇ ਮਹੀਨਿਆਂ ਵਿੱਚ ਇਹ ਕਰਨ ਦੀ ਕੋਸ਼ਿਸ਼ ਕਰਾਂਗੇ।" ਉਨ੍ਹਾਂ ਨੇ ਕਿਹਾ, "ਜਦ ਏਦਾਂ ਹੁੰਦਾ ਹੈ ਤਾਂ ਅਸੀਂ ਪ੍ਰਭਾਵ ਸਥਾਨ ਦੇ ਨੇੜੇ ਨਹੀਂ ਹੋਵਾਂਗੇ, ਇਸ ਲਈ ਅਸੀਂ ਇਸ ਨੂੰ ਸਿੱਧਾ ਦੇਖ ਨਹੀਂ ਸਕਾਂਗੇ। ਆਨਬੋਰਡ ਸੰਕੀਰਨ ਕੋਣ ਕੈਮਰਿਆਂ ਵਿੱਚ ਕ੍ਰੇਟਰ ਦਾ ਪਤਾ ਲਾਉਣ ਲਈ ਲੋੜੀਂਦਾ ਰੈਜ਼ੋਲਿਊਸ਼ਨ ਹੈ, ਪਰ ਚੰਦ ਤਾਜ਼ਾ ਪ੍ਰਭਾਵ ਕ੍ਰੇਟਰ ਨਾਲ ਭਰਿਆ ਹੈ, ਇਸ ਲਈ ਪਾਜ਼ਿਟਿਵ ਪਛਾਣ ਸਮਾਨ ਪ੍ਰਕਾਸ਼ ਵਿਵਸਥਾ ਦੀ ਸਥਿਤੀ ਵਿੱਚ ਪਹਿਲੇ ਅਤੇ ਬਾਅਦ ਦੀ ਇਮੇਜਿਸ ਉੱਤੇ ਆਧਾਰਤ ਹੈ।"

# ਐਕਸੀਡੈਂਟ ਵਾਲੀ ਥਾਂ ਉੱਤੇ ਕਾਂਸਟੇਬਲ ਨੂੰ ਟਰਾਲੇ ਨੇ ਕੁਚਲਿਆ




ਬਾਰਾਂ, 6 ਮਾਰਚ (ਪੋਸਟ ਬਿਊਰੋ)- ਬਾਰਾਂ ਜ਼ਿਲ੍ਹੇ ਦੇ ਕਿਸ਼ਨਗੰਜ ਕਸਬੇ ਕੋਲਨੈਸ਼ਨਲ ਹਾਈਵੇ-27 ਉੱਤੇ ਸੜਕ ਹਾਦਸੇ ਵਿੱਚ ਕਾਂਸਟੇਬਲ ਦੀ ਮੌਤ ਹੋ ਗਈ ਹੈ। ਐਕਸੀਡੈਂਟ ਇੰਨਾ ਭਿਆਨਕ ਸੀ ਕਿ ਟਰਾਲੇ ਦੀ ਟੱਕਰ ਨਾਲ ਪੁਲਸ ਦੀ ਜੀਪ ਚਕਨਾਚੂਰ ਹੋ ਗਈ। ਟਰਾਲਾ ਕਰੀਬ 10 ਫੁੱਟ ਦੂਰ ਤਕ ਕਾਂਸਟੇਬਲ ਨੂੰ ਘਸੀਟਦਾ ਲੈ ਗਿਆ। ਹਾਦਸੇ ਦੀ ਸੂਚਨਾ ਉੱਤੇ ਉਚ ਅਧਿਕਾਰੀ ਮੌਕੇ ਉੱਤੇ ਪਹੁੰਚੇ। ਟਾਰਲਾ ਚਾਲਕ ਪੁਲਸ ਦੀ ਗ੍ਰਿਫਤ ਵਿੱਚ ਹੈ। ਮ੍ਰਿਤਕ ਕਾਂਸਟੇਬਲ ਵਿਨੋਦ ਮੂਲ ਰੂਪ ਤੋਂ ਹਨੂਮਾਨਗੜ੍ਹ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਉਸ ਦੇ ਦੋ ਛੋਟੇ-ਛੋਟੇ ਬੱਚੇ ਹਨ।

ਦੱਸਿਆ ਗਿਆ ਹੈ ਕਿ ਪਾਰਵਤੀ ਨਦੀ ਪੁਲੀ ਉੱਤੇ ਤੜਕੇ ਪੰਜ ਵਜੇ ਦੇ ਕਰੀਬ ਮੰਡੀ ਤੋਂ ਅਨਾਜ ਵੇਚ ਕੇ ਕਿਸਾਨ ਟਰੈਕਟਰ-ਟਰਾਲੀ ਉੱਤੇ ਆਪਣੇ ਘਰ ਜਾ ਰਹੇ ਸਨ ਤਾਂ ਪਾਰਵਤੀ ਨਦੀ ਦੀ ਪੁਲੀ ਉੱਤੇ ਪਿੱਛੋਂ ਆਏ ਇੱਕ ਮਿੰਨੀ ਟਰੱਕ ਨੇ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਇੱਕ ਦੀ ਮੌਤ ਹੋ ਗਈ ਤੇ ਤਿੰਨ ਜ਼ਖਮੀ ਹੋ ਗਏ। ਸੂਚਨਾ ਉੱਤੇ ਕਿਸ਼ਨਗੰਜ ਥਾਣਾ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਮ੍ਰਿਤਕ ਤੇ ਜ਼ਖਮੀਆਂ ਨੂੰ ਐਂਬੂਲੈਂਸ ਦੀ ਮਦਦ ਨਾਲ ਜ਼ਿਲ੍ਹਾ ਹਸਪਤਾਲ ਪੁਚਾਇਆ। ਕਾਂਸਟੇਬਲ ਵਿਨੋਦ ਆਪਣੇ ਚਾਰ-ਪੰਜ ਸਾਥੀਆਂ ਨਾਲ ਨੈਸ਼ਨਲ ਹਾਈਵੇ ਦਾ ਟਰੈਫਿਕ ਚਾਲੂ ਕਰਨ ਲਈ ਮੌਕੇ ਉੱਤੇ ਕ੍ਰੇਨ ਦੀ ਮਦਦ ਨਾਲ ਮਲਬਾ ਹਟਾਉਣ ਦੀ ਕਾਰਵਾਈ ਕਰ ਰਹੇ ਸਨ ਤਾਂ ਸੜਕ ਉੱਤੇ ਲਾਏ ਬੈਰੀਅਰ ਤੋੜ ਕੇ ਤੇਜ਼ ਰਫਤਾਰ ਬੇਕਾਬੂ ਟਰਾਲਾ ਪੁਲੀ ਉੱਤੇ ਆ ਗਿਆ।ਉਸ ਨੂੰ ਦੇਖ ਪੁਲਸ ਮੁਲਾਜ਼ਮ ਜਾਨ ਬਚਾਉਣ ਲਈ ਇਧਰ-ਓਧਰ ਦੌੜੇ, ਪ੍ਰੰਤੂ ਕਾਂਸਟੇਬਲ ਵਿਨੋਦ ਜਾਟ ਟਰਾਲੇ ਦੀ ਲਪੇਟ ਵਿੱਚ ਆ ਗਿਆ। ਚਾਰ-ਪੰਜ ਪੁਲਸ ਮੁਲਾਜ਼ਮ ਜ਼ਖਮੀ ਹੋਏ ਹਨ।

# ਅਫਗਾਨ ਸਹਾਇਤਾ ਲਈ ਪਾਕਿ ਵੱਲੋਂ ਭੇਜੀ ਕਣਕ ਦੀ ਕੁਆਲਿਟੀ ਖਰਾਬ, ਭਾਰਤ ਦੀ ਵਧੀਆ

ਲਾਹੌਰ, 6 ਮਾਰਚ (ਪੋਸਟ ਬਿਊਰੋ)- ਤਾਲਿਬਾਨ ਦੇ ਇੱਕ ਅਧਿਕਾਰੀ ਨੇ ਸੋਸ਼ਲ ਮੀਡੀਆ ਉੱਤੇ ਦੋਸ਼ ਲਾਇਆ ਹੈ ਕਿ ਮਦਦ ਦੇ ਨਾਂਅ ਉੱਤੇ ਪਾਕਿਸਤਾਨ ਸਰਕਾਰ ਵੱਲੋਂ ਭੇਜੀ ਗਈ ਕਣਕ ਮਨੁੱਖ ਦੇ ਖਾਣ ਦੇ ਕਾਬਲ ਨਹੀਂ, ਜਦ ਕਿ ਉਸ ਦੇ ਮੁਕਾਬਲੇ ਵਿੱਚ ਭਾਰਤ ਸਰਕਾਰ ਵੱਲੋਂ ਭੇਜੀ ਸਹਾਇਤਾ ਵਾਲੀ ਕਣਕ ਦੀ ਕੁਆਲਿਟੀ ਬਹੁਤ ਵਧੀਆ ਹੈ।

ਜਾਣਕਾਰ ਸੂਤਰਾਂ ਅਨੁਸਾਰ ਤਾਲਿਬਾਨੀ ਅਧਿਕਾਰੀਆਂ ਨੇ ਕਿਹਾ ਹੈ ਕਿ ਪਾਕਿਸਤਾਨ ਸਾਨੂੰ ਮੂਰਖ ਬਣਾ ਰਿਹਾ ਤੇ ਵਿਸ਼ਵ ਨੂੰ ਗੁੰਮਰਾਹ ਕਰ ਰਿਹਾ ਹੈ। ਸੋਸ਼ਲ ਮੀਡੀਆ ਉੱਤੇ ਵਾਇਰਲ ਸੰਦੇਸ਼ ਵਿੱਚ ਤਾਲਿਬਾਨ ਦੇ ਅਧਿਕਾਰੀ ਹਮਦੁੱਲਾ ਅਰਤਾਬ ਨੇ ਕਿਹਾ ਕਿ ਪਾਕਿ-ਸਤਾਨ ਨੇ ਜੋ ਕਣਕ ਸਾਨੂੰ ਸਹਾਇਤਾ ਵੱਜੋਂ ਭੇਜੀ ਹੈ, ਉਹ ਮਨੁੱਖ ਕੀ, ਪਸ਼ੂਆਂ ਦੇ ਖਾਣ ਦੇ ਲਾਇਕ ਵੀ ਨਹੀਂ। ਉਸ ਦੇ ਮੁਕਾਬਲੇ ਭਾਰਤ ਵੱਲੋਂ ਭੇਜੀ ਗਈ ਕਣਕ ਬਹੁਤ ਹੀ ਵਧੀਆ ਕੁਆਲਿਟੀ ਦੀ ਹੈ।



# ਮੋਸਟ ਵਾਂਟਿਡ ਵਾਹਨ ਚੋਰ 25 ਸਾਲਾਂ ਬਾਅਦ ਕਾਬੂ ਆਇਆ



ਨਵੀਂ ਦਿੱਲੀ, 6 ਮਾਰਚ (ਪੋਸਟ ਬਿਊਰੋ)- ਦਿੱਲੀ-ਐਨ ਸੀ ਆਰ ਵਿੱਚ ਮੋਟਰ ਵਾਂਟਿਡ ਵਾਹਨ ਚੋਰੀਆਂ ਕਰਨ ਵਾਲੇ ਤੇ ਪਿਛਲੇ 25 ਸਾਲਾਂ ਤੋਂ ਫਰਾਰ ਚੋਰ ਨੂੰ ਦਿੱਲੀ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਦੋਸ਼ੀ ਦੀ ਪਛਾਣ ਮੇਰਠ ਦੇ ਇੰਤੇਜਾਰ (42) ਵਜੋਂ ਹੋਈ ਹੈ ਅਤੇ ਉਸ ਨੂੰ ਉਸ ਦੇ ਸਾਥੀ ਆਸਿਫ (37) ਸਮੇਤ ਗ੍ਰਿਫਤਾਰ ਕੀਤਾ ਗਿਆ ਹੈ।

ਡੀ ਸੀ ਪੀ (ਡਿਪਟੀ ਕਮਿਸ਼ਨਰ ਪੁਲਸ) ਦੇ ਦੱਸਣ ਮੁਤਾਬਕ ਨਵੰਬਰ 1997 ਵਿੱਚ ਇੰਤੇਜਾਰ ਨਿਊ ਫਰੈਂਡਜ਼ ਕਾਲੋਨੀ ਵਿੱਚ ਗ੍ਰਿਫਤਾਰੀ ਤੋਂ ਬਚਣ ਲਈ ਪੁਲਸ ਬੈਰੀਕੇਡਸ ਤੋੜ ਕੇ ਭੱਜ ਗਿਆ ਸੀ। ਉਹ ਆਪਣੇ ਕੋਲ ਨਾਜਾਇਜ਼ ਹਥਿਆਰ ਰੱਖਦਾ ਸੀ ਤੇ ਉਸ ਦਾ ਸਹਿਯੋਗੀ ਆਸਿਫ ਕਿਸੇ ਵੀ ਕਾਰ ਦਾ ਪ੍ਰੋਗਰਾਮਿੰਗ ਸਿਸਟਮ ਹੈਕ ਕਰਨ ਵਿੱਚ ਮਾਹਰ ਹੈ,ਜੋ ਕਿਸੇ ਵੀ ਕਾਰ ਦੀ ਡੁਪਲੀਕੇਟ ਚਾਬੀ ਬਣਾ ਸਕਦਾ ਹੈ। ਡੀ ਸੀ ਪੀ ਨੇ ਦੱਸਿਆ ਕਿ ਦਿੱਲੀ-ਐਨ ਸੀ ਆਰ ਵਿੱਚ ਕਾਰ ਚੋਰੀ ਦੀਆਂ ਘਟਨਾਵਾਂ ਦੇਖਦੇ ਹੋਏ ਇੱਕ ਟੀਮ ਬਣਾਈ ਸੀ, ਜਿਸ ਨੇ ਇਨ੍ਹਾਂ ਦੇ ਟਿਕਾਣੇ ਅਤੇ ਚੋਰੀ ਲਈ ਵਰਤੀ ਜਾਂਦੀ ਕਾਰ ਦੀ ਪਛਾਣ ਕਰਨ ਵਿੱਚ ਅੱਠ ਮਹੀਨੇ ਦਾ ਸਮਾਂ ਲਿਆ। 26 ਫਰਵਰੀ ਨੂੰ ਦੋਵਾਂ ਦੋਸ਼ੀਆਂ ਦੀ ਹਾਜ਼ਰੀ ਦਾ ਪਤਾ ਲੱਗਾ ਤਾਂ ਪੁਲਸ ਨੇ ਜਾਲ ਵਿਛਾ ਕੇ ਫੜ ਲਿਆ। ਉਨ੍ਹਾਂ ਕੋਲੋਂ ਦੋ ਲੋਡਿਡ ਦੇਸੀ ਪਿਸਤੌਲ ਅਤੇ ਚਾਰ ਜਿੰਦਾ ਕਾਰਤੂਸ ਮਿਲੇ ਹਨ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਉਨ੍ਹਾਂ ਨੇ ਦੁਬਈ ਤੋਂ ਸੱਟਾ ਗੈਂਗ ਚਲਾਉਣ ਵਾਲੇ ਸਾਰਿਕ ਨੂੰ ਕਈ ਕਾਰਾਂ ਦਿੱਤੀਆਂ ਹਨ। ਇਨ੍ਹਾਂ ਦੇ ਕਬਜ਼ੇ ਵਿੱਚੋਂ ਚੋਰੀ ਕੀਤੀਆਂ ਪੰਜ ਕਾਰਾਂ ਮਿਲੀਆਂ ਹਨ।







# ਭਵਿੱਖ ਲਈ ਲੜਾਈ



ਅੱਗੇ ਕੀ, ਭਾਰਤੀ ਮੈਡੀਕਲ ਵਿਦਿਆਰਥੀਆਂ ਨੂੰ ਪੁੱਛੋ ਜੋ ਯੂਕਰੇਨ ਤੋਂ ਜਲਦਬਾਜ਼ੀ ਵਿੱਚ ਵਾਪਸ ਆਏ ਹਨ

ਮੱਧ ਪ੍ਰਦੇਸ਼ ਦੇ ਛੋਟੇ ਜਿਹੇ ਕਸਬੇ ਹਰਦਾ ਦੀ ਰਹਿਣ ਵਾਲੀ ਇੱਕ ਮੁਟਿਆਰ ਛੇ ਸਾਲ ਪਹਿਲਾਂ ਯੂਕਰੇਨ ਦੇ ਇੱਕ ਹੋਰ ਛੋਟੇ ਜਿਹੇ ਕਸਬੇ ਪੋਲਟਾਵਾ ਵਿੱਚ ਦਵਾਈ ਦੀ ਪੜ੍ਹਾਈ ਕਰਨ ਲਈ ਗਈ ਸੀ। ਇਹ ਸ਼ਹਿਰ ਪੂਰਬੀ ਰੂਸੀ ਸਰਹੱਦ ਤੋਂ 500 ਕਿਲੋਮੀਟਰ ਦੂਰ ਹੈ ਅਤੇ ਜਲਦੀ ਹੀ ਹਮਲਾ ਕੀਤਾ ਜਾ ਸਕਦਾ ਹੈ। ਇੱਕ ਹਫ਼ਤਾ ਪਹਿਲਾਂ ਉਸ ਨਾਲ ਆਖਰੀ ਵਾਰ ਗੱਲ ਹੋਈ, ਉਸਨੇ ਆਪਣੀ ਮਾਂ ਨੂੰ ਕਿਹਾ ਕਿ ਉਹ ਘਰ ਨਹੀਂ ਆਉਣਾ ਚਾਹੁੰਦੀ। ਉਸ ਕੋਲ ਆਪਣਾ ਐਮਬੀਬੀਐਸ ਕੋਰਸ ਪੂਰਾ ਕਰਨ ਲਈ ਸਿਰਫ਼ ਦੋ ਮਹੀਨੇ ਬਾਕੀ ਹਨ ਅਤੇ ਉਸ ਨੂੰ ਉਮੀਦ ਹੈ ਕਿ ਚੀਜ਼ਾਂ ਉਸ ਲਈ ਕੰਮ ਕਰਨਗੀਆਂ। ਉਸਦਾ ਪਿਤਾ ਇੱਕ ਗਰੀਬ ਸਰਕਾਰੀ ਅਧਿਆਪਕ ਹੈ ਅਤੇ ਉਹ ਇੰਨਾ ਪੈਸਾ ਖਰਚ ਕਰਨ ਤੋਂ ਬਾਅਦ ਆਪਣੀ ਡਿਗਰੀ ਤੋਂ ਬਿਨਾਂ ਵਾਪਸ ਨਹੀਂ ਆਉਣਾ ਚਾਹੁੰਦਾ। ਉਸ ਦਾ ਪਰਿਵਾਰ ਉਸ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ, ਘਰ ਵਾਪਸੀ ਚਾਹੁੰਦਾ ਹੈ। ਉਸ ਨੂੰ ਆਪਣੀ ਜ਼ਿੰਦਗੀ ਤੋਂ ਵੱਧ ਆਪਣੀ ਡਿਗਰੀ ਗੁਆਉਣ ਦੀ ਚਿੰਤਾ ਹੈ। ਲਿਖਣ ਦੇ ਸਮੇਂ ਸਾਡੇ ਕੋਲ ਇਸ ਲੜਕੀ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਉਹ ਸੁਰੱਖਿਅਤ ਹੈ ਅਤੇ ਤੁਰੰਤ ਬਾਹਰ ਕੱਢ ਲਿਆ ਜਾਵੇਗਾ। ਉਸਦੀ ਨਿਰਾਸ਼ਾ ਛੂਹ ਰਹੀ ਹੈ। ਇਹ ਨਿਰਾਸ਼ਾ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਦੁਆਰਾ ਸਾਂਝੀ ਕੀਤੀ ਗਈ ਹੈ ਜਦੋਂ ਉਹ ਯੂਕਰੇਨ ਤੋਂ ਘਰ ਪਰਤ ਰਹੇ ਹਨ, ਇਸ ਬਾਰੇ ਪੂਰੀ ਤਰ੍ਹਾਂ ਖਾਲੀ ਹੈ ਕਿ ਭਵਿੱਖ ਉਨ੍ਹਾਂ ਲਈ ਕੀ ਰੱਖਦਾ ਹੈ। ਉਹ ਕੀ ਕਰਨਗੇ? ਉਨ੍ਹਾਂ ਕੋਲ ਅਸਪ-ਸ਼ਟ ਜਵਾਬ ਹਨ। ਕੇਂਦਰ ਸਰਕਾਰ ਨੂੰ ਅੱਜ ਜਾਂ ਕੱਲ੍ਹ ਇਹ ਯਕੀਨੀ ਬਣਾਉਣ ਲਈ ਕਦਮ ਚੁੱਕਣੇ ਪੈਣਗੇ ਕਿ ਉਨ੍ਹਾਂ ਦਾ ਕਰੀਅਰ ਤਬਾਹ ਨਾ ਹੋ ਜਾਵੇ। ਪੱਛਮੀ ਯੂਕਰੇਨ ਵਿੱਚ ਪੜ੍ਹ ਰਹੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਕਲਾਸਾਂ ਫਿਲਹਾਲ ਔਨਲਾਈਨ ਹਨ ਕਿਉਂਕਿ ਖੇਤਰ ਝਗੜੇ ਤੋਂ ਮੁਕਾਬਲਤਨ ਸੁਰੱਖਿਅਤ ਹੈ। ਪਰ ਜੂਨ-ਜੁਲਾਈ ਵਿੱਚ ਗਰਮੀਆਂ ਦੇ ਅਭਿਆਸ ਸੈਸ਼ਨ ਬਾਰੇ ਕੀ? ਉਹ ਬੇਸਮਝ ਹਨ।

ਉਨ੍ਹਾਂ ਦੀਆਂ ਯੂਨੀਵਰਸਿਟੀਆਂ ਨੇ ਉਨ੍ਹਾਂ ਨੂੰ ਮਾਰਚ ਦੇ ਪਹਿਲੇ ਹਫ਼ਤੇ ਤੱਕ ਫੀਸਾਂ ਦਾ ਭੁਗਤਾਨ ਅਗਾਊਂ ਕਰਨ ਲਈ ਕਿਹਾ ਹੈ ਅਤੇ ਕਿਹਾ ਹੈ ਕਿ ਉਹ ਉਨ੍ਹਾਂ ਨੂੰ ਰਸਤੇ ਵਿੱਚ ਅਪਡੇਟ ਕਰਨਗੇ। ਪੱਛਮੀ ਯੂਕਰੇਨ ਵਿੱਚ ਕੁਝ ਵਿਦਿਆਰਥੀਆਂ ਨੇ ਰਾਊਂਡ ਟ੍ਰਿਪ ਟਿਕਟਾਂ ਖਰੀਦੀਆਂ, ਇਸ ਉਮੀਦ ਵਿੱਚ ਕਿ ਉਹ ਜਲਦੀ ਜਾਂ ਬਾਅਦ ਵਿੱਚ ਵਾਪਸ ਆ ਜਾਣਗੇ। ਪੂਰਬੀ ਯੂਕਰੇਨ ਵਿੱਚ, ਸਥਿਤੀ ਅਸਲ ਵਿੱਚ ਖਰਾਬ ਹੈ. ਸਾਰੇ ਵਿਦਿਅਕ ਅਦਾਰੇ ਬੰਦ ਹਨ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਅਧਿਆਪਕ ਤਣਾਅ ਦੇ ਪਹਿਲੇ ਸੰਕੇਤ 'ਤੇ ਸਬੰਧਤ ਸ਼ਹਿਰ ਛੱਡ ਗਏ ਅਤੇ ਉਦੋਂ ਤੋਂ ਉਹ ਹਨੇਰੇ ਵਿੱਚ ਹਨ। ਕਿਸੇ ਵੀ ਹਾਲਤ ਵਿੱਚ, ਉਹ ਇਸ ਸਮੇਂ ਆਪਣੀ ਜਾਨ ਬਚਾਉਣ ਅਤੇ ਉੱਥੋਂ ਨਿਕਲਣ ਲਈ ਬੇਤਾਬ ਹਨ। ਉਹਨਾਂ ਨੂੰ ਇੱਕ ਅਸਪਸ਼ਟ ਉਮੀਦ ਹੈ ਕਿ ਇਤਿਹਾ-ਸਕ ਤੌਰ 'ਤੇ, ਯੂਨੀਵਰਸਿਟੀਆਂ ਜੰਗਾਂ ਤੋਂ ਬਚਦੀਆਂ ਹਨ ਅਤੇ ਸਿਆਸੀ ਗੜਬੜ ਦੇ ਹੱਲ ਹੋਣ ਤੋਂ ਬਾਅਦ ਉਹਨਾਂ ਦੀਆਂ ਕਲਾਸਾਂ ਮੁੜ ਸ਼ੁਰੂ ਹੋ ਜਾਣਗੀਆਂ। ਮਾਪੇ ਜਲਦੀ ਹੀ ਆਪਣੇ ਵਾਰਡਾਂ ਦੇ ਭਵਿੱਖ ਬਾਰੇ ਆਪਣੀਆਂ ਚਿੰਤਾਵਾਂ ਜ਼ਾਹਰ ਕਰਨਗੇ। ਉਹ ਯਕੀਨੀ ਤੌਰ 'ਤੇ ਕੇਂਦਰ ਸਰਕਾਰ ਨੂੰ ਪੁੱਛਦੇ ਹਨ ਕਿ ਕੀ ਵਿਦਿਆਰਥੀ ਕਿਸੇ ਤਰ੍ਹਾਂ ਭਾਰਤੀ ਕਾਲਜਾਂ ਤੋਂ ਇੱਕ ਟੈਸਟ ਪਾਸ ਕਰਕੇ ਜਾਂ ਕ੍ਰੈਡਿਟ ਦੇ ਟ੍ਰਾਂਸਫਰ ਦਾ ਪ੍ਰਬੰਧ ਕਰਕੇ ਬਾਕੀ ਕੋਰਸ ਦੀ ਮਿਆਦ ਪੂਰੀ ਕਰ ਸਕਦੇ ਹਨ। ਪਹਿਲੇ ਅਤੇ ਦੂਜੇ ਸਾਲਾਂ ਵਿੱਚ ਉਹਨਾਂ ਕੋਲ ਅਜੇ ਵੀ ਕਿਸੇ ਹੋਰ ਦੇਸ਼ ਵਿੱਚ ਕਿਸੇ ਹੋਰ ਕਾਲਜ ਵਿੱਚ ਨਵੇਂ ਸਿਰੇ ਤੋਂ ਸ਼ੁਰੂ ਕਰਨ ਦਾ ਮੌਕਾ ਹੈ ਜੇਕਰ ਉਹ ਇਸਨੂੰ ਬਰਦਾਸ਼ਤ ਕਰ ਸਕਦੇ ਹਨ ਅਤੇ ਜੇਕਰ ਯੂਕਰੇਨ ਦਾ ਭਵਿੱਖ ਸੰਤੁਲਨ ਵਿੱਚ ਹੈ। ਇਹ ਬਜ਼ੁਰਗ ਹਨ ਜੋ ਸਭ ਤੋਂ ਵੱਧ ਗੁਆ ਦੇਣਗੇ ਜੇਕਰ ਉਹ ਘੱਟੋ ਘੱਟ ਇਸ ਸਾਲ ਦੇ ਅੰਤ ਤੱਕ ਆਪਣੀਆਂ ਯੂਨੀਵਰਸਿਟੀਆਂ ਵਿੱਚ ਵਾਪਸ ਨਹੀਂ ਆ ਸਕਦੇ ਹਨ। ਇਹ ਸਿਰਫ਼ ਕੋਰਸ ਨੂੰ ਪੂਰਾ ਕਰਨ ਬਾਰੇ ਨਹੀਂ ਹੈ. ਉਨ੍ਹਾਂ ਨੂੰ 12-ਮਹੀਨਿਆਂ ਦੀ ਨਿਰੀਖਣ ਕੀਤੀ ਇੰਟਰਨਸ਼ਿਪ ਨੂੰ ਵੀ ਪੂਰਾ ਕਰਨਾ ਹੋਵੇਗਾ ਅਤੇ ਭਾਰਤ ਵਾਪਸ ਆਉਣ 'ਤੇ ਪ੍ਰਕਿਰਿਆ ਨੂੰ ਦੁਹਰਾਉਣਾ ਹੋਵ-ੇਗਾ। ਫਿਰ ਉਹਨਾਂ ਨੂੰ ਰਜਿਸਟਰਡ ਹੋਣ ਦੇ ਯੋਗ ਹੋਣ ਲਈ ਯੋਗਤਾ ਪ੍ਰੀਖਿਆ ਪਾਸ ਕਰਨੀ ਪਵੇਗੀ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## Change of Name

**I Dhara, daughter of Maheshbhai Patel,** holder of Indian passport No M6563577, issued at Surat on February 23, 2015, Permanent resident of At - Khadsad, Post - Kathodara, Surat Rural, 394326 Gujarat, India and presently residing at 509 - 3 Lisa Street, Brampton L6T4A2, Ontario Canada, do hereby change the name from **Dhara Chintankumar Patel to Dhara Maheshbhai Patel,** with immediate effect.

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202







## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com



